# ਤੱਤੀ ਤਵੀ/ ਇਤਹਾਸਕ ਘਟਨਾ/ਰਾਜਨੀਤਕ ਪ੍ਰਵਚਨ : ਇਕ ਸੰਵਾਦ

ਅਮਰਜੀਤ ਸਿੰਘ ਗਰੇਵਾਲ

ਜਦੋਂ ਮਾਤਾ ਸੁੰਦਰੀ ਕਾਲਿਜ ਦਿੱਲੀ ਦੀ ਪ੍ਰਿੰਸੀਪਲ ਡਾ. ਸਤਨਾਮ ਕੌਰ ਜੀ ਨੇ ਮੈਨੂੰ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਬਾਰੇ ਇਹ ਪਰਚਾ ਲਿਖਣ ਲਈ ਆਮੰਤ੍ਰਿਤ ਕੀਤਾ ਤਾਂ ਮੇਰਾ ਤੁਰੰਤ ਜੁਆਬ ਸੀ ਕਿ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਇਕ ਇਤਿਹਾਸਕ ਘਟਨਾ ਹੈ ਅਤੇ ਮੈਂ ਇਕ ਸਾਹਿਤ ਸਭਿਆਚਾਰ ਦਾ ਵਿਦਿਆਰਥੀ ਭਲਾ ਇਸ ਵਿਸ਼ੇ ਤੇ ਕੀ ਲਿਖ ਸਕਦਾ ਹਾਂ।ਇਸ ਕੰਮ ਲਈ ਤਾਂ ਕਿਸੇ ਇਤਿਹਾਸਕਾਰ ਦੀ ਚੋਣ ਕੀਤੀ ਜਾਣੀ ਚਾਹੀਦੀ ਸੀ।

ਮੇਰੇ ਇਸ ਜੁਆਬ ਨੂੰ ਕੱਟਦੇ ਹੋਏ, ਡਾ. ਜਗਬੀਰ ਸਿੰਘ ਦੀ ਨੂੰਹ ਗੁਰਜੀਤ, ਜੋ ਇਸੇ ਕਾਲਿਜ ਵਿਚ ਪੰਜਾਬੀ ਸਾਹਿਤ ਦੀ ਅਧਿਆਪਕ ਹੈ, ਇਕ ਦਮ ਬੋਲੀ, "ਅੰਕਲ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਕੇਵਲ ਘਟਨਾ ਨਹੀਂ, ਇਕ ਟੈਕਸਟ ਵੀ ਹੈ।ਅਤੇ ਟੈਕਸਟ ਨੂੰ ਪੜ੍ਹਨ ਲਈ ਇਤਿਹਾਸਕਾਰੀ ਦੀ ਨਹੀਂ, ਡਿਸਕੋਰਸ ਅਨੈਲੇਸਿਸ ਦੀ ਜ਼ਰੂਰਤ ਹੁੰਦੀ ਹੈ।ਇਸੇ ਲਈ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਦੀ ਟੈਕਸਟ ਨੂੰ ਪੜ੍ਹਨ ਲਈ ਅਸੀਂ ਤੁਹਾਨੂੰ ਆਖ ਰਹੇ ਹਾਂ।"

"ਪਰ ਬੇਟੇ, ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਕੋਈ ਸਾਹਿਤਕ ਜਾਂ ਸਭਿਆਚਾਰਕ ਟੈਕਸਟ ਨਹੀਂ, ਰਾਜਨੀਤਕ ਟੈਕਸਟ ਹੈ।ਰਾਜਨੀਤਕ ਟੈਕਸਟ ਨੂੰ ਪੜ੍ਹਨ ਲਈ ਤੁਸੀਂ ਕਿਸੇ ਪੁਲਿਟੀਕਲ ਸਾਇੰਸ ਦੇ ਬੰਦੇ ਨੂੰ ਲੱਭੋ।" ਮੈਂ ਡਾ. ਜਸਪਾਲ ਸਿੰਘ ਵੱਲ ਇਸ਼ਾਰਾ ਕਰਦੇ ਹੋਏ ਆਖਿਆ।"ਮੈਂ ਤਾਂ ਗੱਲ ਕਰਾਂਗਾ ਹੀ, ਪਰ ਤੁਸੀਂ ਵੀ ਭੱਜ ਨਹੀਂ ਸਕਦੇ" ਡਾ. ਜਸਪਾਲ ਸਿੰਘ ਨੇਂ ਗੇਂਦ ਬਾਪਿਸ ਮੇਰੇ ਪਾੜੇ ਵਿਚ ਸੁਟਦੇ ਹੋਏ ਕਿਹਾ, "ਨਿਰਸੰਦੇਹ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਨੂੰ ਇਕ ਪੁਲਿਟੀਕਲ ਟੈਕਸਟ ਵਜੋਂ ਹੀ ਪੜ੍ਹਿਆ ਜਾਣਾ ਚਾਹੀਦਾ ਹੈ। ਪਰ ਗੁਰੂ ਅਰਜਨ ਦੇਵ ਜੀ ਦੀ ਸਿਆਸਤ, ਸਿਆਸੀ ਸ਼ਕਤੀ ਲਈ ਸੰਘਰਸ਼ ਦੀ ਸਿਆਸਤ ਨਹੀਂ, ਸਮਾਜ-ਸਭਿਆਚਾਰਕ ਕਰਾਂਤੀ ਲਈ ਸੰਘਰਸ਼ ਦੀ ਸਿਆਸਤ ਸੀ।"

"ਸਮਾਜ-ਸਭਿਆਚਾਰਕ ਕਰਾਂਤੀ ਦੀ ਸਿਆਸੀ ਟੈਕਸਟ", ਇਹ ਆਖ ਕੇ ਡਾ. ਸਤਨਾਮ ਕੌਰ ਜੀ ਨੇਂ ਮੈਨੂੰ ਮੇਰੇ ਪਰਚੇ ਦਾ ਵਿਸ਼ਾ ਸੁਝਾ ਦਿੱਤਾ।

ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਨੂੰ ਭਾਰਤੀ ਸਮਾਜ-ਸਭਿਆਚਰਕ ਕਰਾਂਤੀ ਦੀ ਰਾਜਨੀਤਕ ਟੈਕਸਟ ਵਜੋਂ ਕਿਵੇਂ ਪੜ੍ਹਨਾਂ ਹੈ, ਇਹ ਤਾਂ ਬਾਅਦ ਦਾ ਮਸਲਾ ਹੈ, ਪਹਿਲੀ ਸਮੱਸਿਆ ਤਾਂ ਇਸ ਟੈਕਸਟ ਨੂੰ ਲੋਕੇਟ ਕਰਨ ਦੀ ਹੈ।ਸ਼ਾਇਦ ਇਸ ਟੈਕਸਟ ਨੂੰ ਲੋਕੇਟ ਕਰਨਾ ਹੀ ਇਸ ਨੂੰ ਪੜ੍ਹਨਾ ਹੈ।ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਦੀ ਟੈਕਸਟ ਕਿਥੇ ਪਈ ਹੈ? ਕੀ ਇਹ ਸਾਡੇ ਸਿਰਾਂ ਅੰਦਰ ਯਾਦ ਦੇ ਰੂਪ ਵਿਚ ਸਾਂਭੀ ਪਈ ਹੈ ਜਾਂ ਫੇਰ ਕਿ ਅਜਾਇਬ ਘਰਾਂ ਅਤੇ ਲਾਇਬਰੇਰੀਆਂ ਵਿਚ।

ਇਸ ਟੈਕਸਟ ਨੂੰ ਲੋਕੇਟ ਕਰਨ ਜਾਂ ਪੜ੍ਹਨ ਤੋਂ ਪਹਿਲਾਂ ਇਹ ਵੀ ਸੋਚਣਾ ਪਵੇਗਾ ਕਿ ਇਸ ਟੈਕਸਟ ਨੂੰ ਕੌਣ ਲਿਖਦਾ ਹੈ ਅਤੇ ਕਿਉਂ ਲਿਖਦਾ ਹੈ? ਇਹ ਹੋਂਦ ਵਿਚ ਕਿਵੇਂ ਆਉਂਦੀ ਹੈ? ਇਸ ਨੂੰ ਅਸੀ ਕਾਹਦੇ ਲਈ ਲਿਖਦੇ ਪੜ੍ਹਦੇ ਹਾਂ?

ਇਹ ਗੱਲਬਾਤ ਦਿੱਲੀ ਵਿਖੇ ਡਾ. ਜਸਪਾਲ ਸਿੰਘ ਦੇ ਕਾਲਿਜ ਵਿਚ ਹੋਈ ਜਿਥੇ ਮੈਂ ਇਕ ਸੈਮੀਨਾਰ ਵਿਚ ਭਾਗ ਲੈਣ ਲਈ ਗਿਆ ਹੋਇਆ ਸੀ। ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਕੇਵਲ ਇਤਿਹਾਸਕ ਘਟਨਾ ਨਹੀਂ, ਸਮਾਜ-ਸਭਿਆਚਾਰਕ ਕਰਾਂਤੀ ਦੀ ਇਕ ਰਾਜਨੀਤਕ ਟੈਕਸਟ ਵੀ ਹੈ, ਜਿਸਦੀ ਸਥਾਪਨਾ, ਵਿਸਥਾਪਨਾ, ਪੁਨਰਸਥਾਪਨਾ, ਕਾਰਜ, ਉਦੇਸ਼, ਮਹੱਤਵ ਆਦਿ ਬਾਰੇ ਗੱਲਬਾਤ ਕਰਨ ਦਾ ਡਾ. ਸਤਨਾਮ ਕੌਰ ਜੀ ਨਾਲ ਵਾਅਦਾ ਕਰਕੇ ਮੈਂ ਡਾ. ਜਗਬੀਰ ਸਿੰਘ ਨਾਲ ਉਸਦੇ ਘਰ ਚਲਾ ਗਿਆ।

--------

ਉਸੇ ਸ਼ਾਮ ਡਾ. ਜਗਬੀਰ ਸਿੰਘ ਦੇ ਘਰ ਗੱਲਬਾਤ ਦੌਰਾਨ ਗੁਰਜੀਤ ਨੇ ਦੱਸਿਆ ਕਿ ਇਸ ਵਾਰ ਚਾਰ ਸੌ ਸਾਲਾ ਹੋਣ ਕਰਕੇ ਭਾਵੇਂ ਵਿਸ਼ੇਸ਼ ਪ੍ਰੋਗਰਾਮ ਉਲੀਕੇ ਗਏ ਹਨ, ਪਰ ਮਾਤਾ ਸੁੰਦਰੀ ਕਾਲਿਜ ਵਿਚ ਤਾਂ ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਦਿਵਸ ਹਰ ਸਾਲ ਹੀ ਮਨਾਇਆ ਜਾਂਦਾ ਹੈ। ਗੁਰਜੀਤ ਦੇ ਪਤੀ ਰਾਜੂ ਦਾ ਕਹਿਣਾ ਸੀ ਕਿ ਮਾਤਾ ਸੁੰਦਰੀ ਕਾਲਿਜ ਕੀ, ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਦਿਵਸ ਤਾਂ ਸਾਰਾ ਸਿਖ ਜਗਤ ਹੀ ਮਨਾਉਂਦਾ ਹੈ। ਥਾਂ ਥਾਂ ਤੇ ਠੰਡੇ ਪਾਣੀ ਦੀਆਂ ਛਬੀਲਾਂ ਲਗਦੀਆਂ ਹਨ। ਸੈਮੀਨਾਰ ਆਯੋਜਿਤ ਕੀਤੇ ਜਾਂਦੇ ਹਨ। ਕੀਰਤਨ ਦਰਬਾਰ ਹੁੰਦੇ ਹਨ। ਸਕੂਲਾਂ ਕਾਲਿਜਾਂ ਵਿਚ ਭਾਸ਼ਨ ਮੁਕਾਬਲੇ ਅਤੇ ਕਵੀ ਦਰਬਾਰ ਹੁੰਦੇ ਹਨ। ਹਰ ਸੰਸਥਾ ਕਿਸੇ ਨਾ ਕਿਸੇ ਰੂਪ ਵਿਚ ਗੁਰੂ ਅਰਜਨ ਦੇ ਜੀ ਦੀ ਸ਼ਹੀਦੀ ਨੂੰ ਯਾਦ ਕਰਦੀ ਹੈ।

"ਮੈਂ ਇਸੇ ਲਈ ਕਹਿੰਦਾ ਹਾਂ ਕਿ ਇਹਨਾ ਸੈਮੀਨਾਰਾਂ ਅਤੇ ਖੋਜ ਪੱਤਰਾਂ ਦਾ ਮਕਸਦ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਦੇ ਸੱਚ ਨੂੰ ਜਾਨਣਾ ਨਹੀਂ, ਉਹਨਾ ਦੀ ਸ਼ਹੀਦੀ ਨੂੰ ਬਾਰ ਬਾਰ ਯਾਦ ਕਰਨਾ ਹੈ।" ਡਾ. ਮਨਮੋਹਨ ਬਹੁਤ ਸਪਸ਼ਟ ਸੀ। "ਕੇਵਲ ਯਾਦ ਕਰਨਾ ਨਹੀਂ, ਅਜੋਕੇ ਸੰਦਰਭ ਵਿਚ ਯਾਦ ਕਰਨਾ" ਡਾ. ਨੂਰ ਨੇ ਕਿਸੇ ਵੀ ਇਤਿਹਾਸਕ ਘਟਨਾ ਨੂੰ ਅਜੋਕੇ ਰਾਜਨੀਤਕ ਪਰਿਪੇਖ ਵਿਚ ਰੱਖ ਕੇ ਪੜ੍ਹਨ ਦੀ ਲੋੜ ਅਤੇ ਮਜਬੂਰੀ ਨੂੰ ਦ੍ਰਿੜ ਕਰਵਾਇਆ।

"ਦੇਖੋ, ਡਾ. ਮਨਮੋਹਨ ਅਤੇ ਡਾ. ਨੂਰ ਦੋ ਵੱਖੋ ਵੱਖਰੀਆਂ ਗੱਲਾਂ ਵੱਲ ਇਸ਼ਾਰਾ ਕਰ ਰਹੇ ਹਨ। ਜਿਥੇ ਡਾ. ਮਨਮੋਹਨ ਉਸੇ ਇਤਿਹਾਸਕ ਘਟਨਾ (ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ) ਦੀ ਸਿਖ ਯਾਦ ਨੂੰ ਪੜ੍ਹਨ ਦੀ ਗੱਲ ਕਰ ਰਹੇ ਹਨ, ਓਥੇ ਡਾ. ਨੂਰ ਉਸੇ ਇਤਿਹਾਸਕ ਘਟਨਾ ਦੇ ਅਕਾਦਮਿਕ ਇਤਿਹਾਸਕਾਰ ਵਿਦਵਾਨਾਂ ਵੱਲੋਂ ਤੱਥਾਂ/ ਪ੍ਰਮਾਣਾਂ ਦੇ ਅਧਾਰ ਤੇ ਲਿਖੇ ਗਏ ਇਤਿਹਾਸ ਨੂੰ ਪੜ੍ਹਨ ਦੀ ਗੱਲ ਕਰ ਰਹੇ ਹਨ। ਸਾਨੂੰ ਸਾਂਝੀ ਸਮੂਹਿਕ ਯਾਦ ਅਤੇ ਅਕਾਦਮਿਕ ਇਤਿਹਾਸ ਵਿਚਲੇ ਅੰਤਰ ਨੂੰ ਨਜ਼ਰ ਅੰਦਾਜ਼ ਨਹੀਂ ਕਰਨਾ ਚਾਹੀਦਾ। " ਡਾ ਰਵੇਲ ਸਿੰਘ ਨੇ ਸਾਂਝੀ ਯਾਦ ਅਤੇ ਇਤਿਹਾਸ ਵਿਚਲੇ ਮਹੱਤਵਪੂਰਨ ਨਿਖੇੜ ਵੱਲ ਧਿਆਨ ਦਵਾਇਆ।

"ਭਾਵੇਂ ਸਾਂਝੇ ਅਤੀਤ ਨੂੰ ਸਾਂਝੀ ਯਾਦ ਅਤੇ ਸਾਂਝੇ ਇਤਿਹਾਸ, ਦੋਨੋ ਰੂਪਾਂ ਵਿਚ ਪੜ੍ਹਿਆ ਜਾ ਸਕਦਾ ਹੈ। ਅਤੇ ਜਿਵੇਂ ਕਿ ਡਾ. ਰਵੇਲ ਸਿੰਘ ਨੇ ਕਿਹਾ ਹੈ, ਯਾਦ ਅਤੇ ਇਤਿਹਾਸ ਵਿਚਲੇ ਅੰਤਰ ਨੂੰ ਸਮਝਣਾ ਵੀ ਜ਼ਰੂਰੀ ਹੈ। ਪਰ ਦੋਨਾ ਵਿਚਲੇ ਰਿਸ਼ਤੇ ਤੋਂ ਵੀ ਤਾਂ ਇਨਕਾਰ ਨਹੀਂ ਕੀਤਾ ਜਾ ਸਕਦਾ। " ਡਾ. ਜਗਬੀਰ ਸਿੰਘ ਨੇ ਇਹ ਸਮਝਾਉਂਣ ਦੀ ਕੋਸ਼ਿਸ਼ ਕੀਤੀ ਕਿ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਦੀ ਇਤਿਹਾਸਕ ਖੋਜ ਨੇ ਸਿਖ ਯਾਦ ਨੂੰ ਕਿਵੇਂ ਬਾਰ ਬਾਰ ਪ੍ਰਭਾਵਿਤ ਅਤੇ ਰੂਪਾਂਤ੍ਰਿਤ ਕੀਤਾ ਹੈ। ਇਤਿਹਾਸਕ ਖੋਜ ਰਾਹੀਂ ਪ੍ਰਾਪਤ ਹੋਣ ਵਾਲੇ ਨਵੇਂ ਤੱਥ ਕੇਵਲ ਇਤਿਹਾਸਕ ਬਿਰਤਾਂਤ ਨੂੰ ਹੀ ਨਹੀਂ ਬਦਲਦੇ, ਸਗੋਂ ਸਾਂਝੀ ਯਾਦ ਨੂੰ ਵੀ ਰੂਪਾਂਤ੍ਰਿਤ ਕਰਦੇ ਹਨ। ਉਹਨਾ ਤੁਜਕੇ ਜਹਾਂਗੀਰੀ, ਮੁਜੱਦਦ ਦੇ ਖਤਾਂ ਅਤੇ ਇਕ ਪਾਦਰੀ ਦੀ ਚਿਠੀ ਦੀ ਉਦਾਹਰਣ ਦੇ ਕੇ ਸਮਝਾਇਆ ਕਿ ਇਹਨਾ ਨੇਂ ਕਿਵੇਂ ਸਿਖ ਇਤਿਹਾਸ ਅਤੇ ਸਾਂਝੀ ਸਿਖ ਯਾਦ ਨੂੰ ਬਾਰ ਬਾਰ ਰੂਪਾਂਤ੍ਰਿਤ ਕੀਤਾ ਹੈ।

"ਸਾਨੂੰ ਡਾ. ਨੂਰ ਦੀ ਕਹੀ ਹੋਈ ਗੱਲ ਵੀ ਯਾਦ ਰੱਖਣੀ ਚਾਹੀਦੀ ਹੈ। " ਐਸ ਬਲਵੰਤ ਦੀ ਇਸ ਗੱਲ ਨੂੰ ਵਿਸਥਾਰ ਦਿੰਦੇ ਹੋਏ ਡਾ. ਮਨਮੋਹਨ ਨੇ ਕਿਹਾ ਕਿ ਇਹ ਕੇਵਲ ਇਤਿਹਾਸਕ ਖੋਜ ਦੁਆਰਾ ਸਾਹਮਣੇ ਆਉਣ ਵਾਲੇ ਤੱਥ ਹੀ ਨਹੀਂ ਜੋ ਸਾਡੀ ਆਪਣੇ ਅਤੀਤ ਪ੍ਰਤੀ ਸਮਝ ਨੂੰ ਬਦਲਦੇ ਹਨ। ਅਤੀਤ ਦੀ ਸਥਾਪਨਾ ਵਿਚੋਂ ਵਰਤਮਾਨ ਲੋੜਾਂ ਅਤੇ ਪ੍ਰਥਿਤੀਆਂ ਦੇ ਰੋਲ ਨੂੰ ਵੀ ਮਨਫੀ ਨਹੀਂ ਕੀਤਾ ਜਾ ਸਕਦਾ।ਕੋਈ ਵੀ ਭੁਲਿਆ ਨਹੀਂ ਹੋਇਆ ਕਿ ਵੱਖ ਵੱਖ ਸਮਿਆਂ ਤੇ, ਵੱਖੋ ਵੱਖਰੀਆਂ ਰਾਜਨੀਤਕ ਪ੍ਰਸਥਿਤੀਆਂ

ਅਨੁਸਾਰ ਅਸੀਂ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਨੂੰ ਕਿਵੇਂ ਵੱਖੋ ਵੱਖਰੀ ਤਰ੍ਹਾਂ ਪੇਸ਼ ਕਰਦੇ/ ਪੜ੍ਹਦੇ ਆ ਰਹੇ ਹਾਂ।

ਕੇਵਲ ਵਰਤਮਾਨ ਹੀ ਅਤੀਤ ਨੂੰ ਪੁਨਰਸਥਾਪਿਤ ਨਹੀਂ ਕਰਦਾ, ਸਗੋਂ ਅਤੀਤ ਵੀ ਤਾਂ ਵਰਤਮਾਨ ਨੂੰ ਕੰਟਰੋਲ ਕਰਦਾ ਹੈ।ਵਰਤਮਾਨ ਅਤੇ ਅਤੀਤ ਦੋਨੋ ਇਕ ਦੂਜੇ ਨੂੰ ਪ੍ਰਭਾਵਤ ਕਰਦੇ ਹਨ। ਅਤੇ ਇਹ ਸਿਲਸਲਾ ਨਿਰੰਤਰ ਚਲਦਾ ਰਹਿੰਦਾ ਹੈ। ਜਿਥੇ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ (ਅਤੀਤ) ਸਾਡੀ ਅਜੋਕੀ ਸਿਖ ਪਹਿਚਾਣ (ਵਰਤਮਾਨ) ਦੀ ਸਥਾਪਨਾ ਵਿਚ ਅਹਿਮ ਰੋਲ ਅਦਾ ਕਰਦੀਹੈ, ਓਥੇ ਏਨਾ ਹੀ ਅਹਿਮ ਰੋਲ ਸਿਖ ਸਮਾਜ ਦੀਆਂ ਅਜੋਕੀਆਂ ਰਾਜਨੀਤਕ ਅਕਾਂਖਿਆਵਾਂ ਅਤੇ ਪ੍ਰਸਥਿਤੀਆਂ (ਵਰਤਮਾਨ) ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਦੇ ਡਿਸਕੋਰਸ (ਅਤੀਤ) ਨੂੰ ਪੁਨਰਸਥਾਪਿਤ ਕਰਨ ਵਿਚ ਨਿਭਾਉਂਦੀਆਂ ਹਨ।

ਇਹਨਾ ਚੱਪ ਚੱਪੇ ਤੇ ਲੱਗਣ ਵਾਲੀਆਂ ਠੰਡੇ ਪਾਣੀ ਦੀਆਂ ਛਬੀਲਾਂ, ਅਖੰਡ ਪਾਠਾਂ, ਕੀਰਤਨ ਦਰਬਾਰਾਂ, ਕਵੀ ਦਰਬਾਰਾਂ, ਭਾਸ਼ਨ ਮੁਕਾਬਲਿਆਂ, ਨਾਟਕ ਪੇਸ਼ਕਾਰੀਆਂ, ਚਿਤਰਕਾਰੀ ਪ੍ਰਦਰਸ਼ਨੀਆਂ ਆਦਿ ਦੇ ਆਯੋਜਨ ਅਤੇ ਪੁਸਤਕਾਂ, ਰਸਾਲਿਆਂ, ਟੈਲੀਵੀਜਨ ਪ੍ਰੋਗਰਾਮਾਂ, ਫਿਲਮਾਂ, ਅਖਬਾਰਾਂ ਦੇ ਸਪਲੀਮੈਂਟਾਂ, ਵੈਬ ਸਾਈਟਸ ਆਦਿ ਦੇ ਨਿਰਮਾਣ ਰਾਹੀਂ ਅਸੀਂ ਕੇਵਲ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਦੇ ਸੱਚ ਅਤੇ ਮਹੱਤਵ ਨੂੰ ਸਮਝਣ ਅਤੇ ਸੰਚਾਰਨ ਦੀ ਕੋਸ਼ਿਸ਼ ਹੀ ਨਹੀ ਕਰ ਰਹੇ ਹੁੰਦੇ, ਸਗੋਂ ਉਹਨਾਂ ਦੀ ਯਾਦ ਨੂੰ ਅਜੋਕੀਆਂ ਰਾਜਨੀਤਕ-ਸੰਸਕ੍ਰਿਤਕ ਪ੍ਰਸਥਿਤੀਆਂ ਮੁਤਾਬਕ ਪੁਨਰਸਥਾਪਿਤ ਵੀ ਕਰ ਰਹੇ ਹੁੰਦੇ ਹਾਂ, ਤਾਂ ਜੋ ਇਸ ਅਮਲ ਰਾਹੀਂ ਸਥਾਪਿਤ ਕੀਤੇ ਜਾ ਰਹੇ ਉਹਨਾਂ ਦੀ ਸ਼ਹੀਦੀ ਦੇ ਸਾਂਝੇ ਘਾਉ ਨੂੰ ਆਪਣੀਆਂ ਵਰਤਮਾਨ ਲੋੜਾਂ ਅਨੁਸਾਰ ਵਰਤ ਕੇ ਆਪਣੀਆਂ ਵਰਤਮਾਨ ਸੰਸਥਾਵਾਂ ਅਤੇ ਅਜੋਕੀ ਪਹਿਚਾਣ ਨੂੰ ਵੀ ਪੁਨਰਸਥਾਪਿਤ ਕੀਤਾ ਜਾ ਸਕੇ।

ਜਿਵੇਂ ਇਤਿਹਾਸਕ ਖੋਜ ਸਾਡੀ ਸਮੂਹਿਕ/ ਕੌਮੀ ਯਾਦ ਨੂੰ ਪ੍ਰਭਾਵਿਤ ਕਰਦੀ ਹੈ ਅਤੇ ਇਹ ਸਮੂਹਿਕ ਯਾਦ ਸਾਡੇ ਵਰਤਮਾਨ ਸੁਪਨਿਆਂ, ਸੰਸਥਾਵਾਂ ਅਤੇ ਸਭਿਆਚਾਰਕ ਪਹਿਚਾਣ ਨੂੰ, ਬਿਲਕੁਲ ਇਸੇ ਤਰ੍ਹਾਂ ਸਾਡੇ ਇਹ ਵਰਤਮਾਨ ਸੁਪਨੇ, ਸੰਸਥਾਵਾਂ ਅਤੇ ਪਹਿਚਾਣ ਸਾਡੇ ਅਤੀਤ ਅਤੇ ਉਸਦੀ ਇਤਿਹਾਸਕ ਖੋਜ ਨੂੰ ਵੀ ਪ੍ਰਭਾਵਿਤ ਕਰਦੇ ਹਨ। ਇਸ ਗੱਲ ਨਾਲ ਸਾਰੇ ਸਹਿਮਤ ਸਨ।

ਪਰ ਇਸ ਸਹਿਮਤੀ ਵਿਚੋਂ ਇਕ ਅਸਹਿਮਤੀ ਵੀ ਪ੍ਰਗਟ ਹੋ ਰਹੀ ਸੀ। ਇਹ ਅਸਹਿਮਤੀ ਸੀ ਸਮੂਹਿਕ/ ਕੌਮੀ ਯਾਦ ਦੀ ਨਵੀਂ ਧਾਰਨਾ ਦੇ ਆਉਣ ਨਾਲ ਇਤਿਹਾਸਕ ਸੱਚਾਈ ਦੀ ਧਾਰਨਾ ਦੇ ਘਟ ਰਹੇ ਮਹੱਤਵ ਨਾਲ। ਪਰ ਇਸ ਅਸਹਿਮਤੀ ਨੂੰ ਕੱਟਣ ਲਈ ਐਸ ਬਲਵੰਤ ਇਸ ਗੱਲ ਤੇ ਜ਼ੋਰ ਦੇ ਰਿਹਾ ਸੀ ਕਿ ਅਕਾਦਮਿਕ ਇਤਿਹਾਸ ਵੀ ਸਮੂਹਿਕ/ ਕੌਮੀ ਯਾਦ ਦਾ ਇਕ ਵਿਸ਼ੇਸ਼ ਰੂਪ ਹੀ ਹੈ। "ਹਾਂ, ਐਸ ਬਲਵੰਤ ਬਿਲਕੁਲ ਠੀਕ ਆਖ ਰਿਹੈ", ਗੱਲ ਨੂੰ ਅੱਗੇ ਵਧਾਉਂਦੇ ਹੋਏ ਡਾ. ਮਨਮੋਹਨ ਨੇ ਦਲੀਲ ਦਿੱਤੀ ਕਿ "ਅਕਾਦਮਿਕ ਇਤਿਹਾਸ ਦਰਅਸਲ ਵਿਗਿਆਨਕ ਯੁਗ ਦੀ ਸਮੂਹਿਕ ਯਾਦ ਹੀ ਹੁੰਦੀ ਹੈ।"

ਮੇਰੇ ਨਾਲ ਲੁਧਿਆਣੇ ਤੋਂ ਗਿਆ ਨੌਜੁਆਨ ਸ਼ਾਇਰ ਅਤੇ ਚਿੰਤਕ ਜਸਵੰਤ ਜ਼ਫਰ, ਜੋ ਹੁਣ ਤੱਕ ਸਭ ਕੁਝ ਚੁਪ ਚਾਪ ਸੁਣ ਰਿਹਾ ਸੀ ਬੋਲਿਆ, "ਤੁਹਾਡੇ ਕਹਿਣ ਮੁਤਾਬਕ ਇਤਿਹਾਸਕ ਸੱਚਾਈ ਜਾ ਤਾਂ ਸਮੂਹਿਕ ਯਾਦ ਦਾ ਇਕ ਵਿਸ਼ੇਸ਼ ਰੂਪ ਹੀ ਹੈ ਤੇ ਜਾਂ ਫੇਰ ਜੇ ਇਸਦੀ ਕੋਈ ਹਸਤੀ ਹੈ ਵੀ ਤਾਂ ਉਹ ਕੇਵਲ ਸਮੂਹਿਕ ਯਾਦ ਨੂੰ ਨਵੀਆਂ ਪ੍ਰਸਥਿਤੀਆਂ/ ਖੋਜਾਂ ਮੁਤਾਬਕ ਰੀਸ਼ੇਪ ਕਰਨ ਦੀ ਹੀ। ..ਇਕ ਤਰ੍ਹਾਂ ਨਾਲ ਇਤਿਹਾਸਕ ਸੱਚਾਈ ਨੂੰ ਤਾਂ ਤੁਸੀਂ ਰੱਦ ਹੀ ਕਰ ਦਿੱਤਾ ਹੈ। ਨਿਰੰਤਰ ਗਤੀਸ਼ੀਲ ਰਹਿਣ ਵਾਲੀ ਸਮੂਹਿਕ/ ਕੌਮੀ ਯਾਦ ਨੇ ਇਸਦੀ ਥਾਂ ਲੈ ਲਈ ਹੈ। ਇਸਨੂੰ ਰੀਪਲੇਸ ਕਰ ਦਿੱਤਾ ਹੈ। ..ਨਾਲੇ ਫੇਰ ਡਾ. ਨੂਰ ਦੀ ਇਸ ਧਾਰਨਾ ਕਿ ਇਤਿਹਾਸਕ ਸੱਚਾਈ ਵੀ ਕੋਈ ਸਥਿਰ, ਸਥਾਈ, ਸੁਨਿਸ਼ਚਿਤ ਅਤੇ ਅਪਰਿਵਰਤਨਸ਼ੀਲ ਘਟਨਾ ਨਹੀਂ, ਨਿਰੰਤਰ ਗਤੀਸ਼ੀਲ ਰਹਿਣ ਵਾਲੀ ਖੁੱਲ੍ਹੀ ਲਿਖਤ ਹੁੰਦੀ ਹੈ, ਬਾਅਦ ਸੱਚ ਦੀ ਹਸਤੀ ਹੀ ਕੀ ਰਹਿ

ਗਈ। ..ਅਸਥਿਰ, ਅਸਥਾਈ, ਅਨਿਸ਼ਚਿਤ, ਪਰਿਵਰਤਨਸ਼ੀਲ ਸੱਚ ਤਾਂ ਫੇਰ ਆਪਣੀ ਨਿਰੰਤਰ ਗਤੀਸ਼ੀਲਤਾ ਕਾਰਨ, ਗਰੇਵਾਲ ਭਾਅ ਜੀ ਦੇ ਕਹਿਣ ਮੁਤਾਬਕ ਸਭਿਆਚਾਰਕ ਸਿਆਸਤ ਦਾ ਅਖਾੜਾ ਹੀ ਬਣ ਜਾਂਦਾ ਹੈ, ਜਿੱਥੇ ਵੱਖੋ ਵੱਖਰੀਆਂ ਧਿਰਾਂ, ਕਿਸੇ ਵੀ ਇਤਿਹਾਸਕ ਘਟਨਾ ਨੂੰ ਆਪਣੀਆਂ ਸਿਆਸੀ/ ਸਭਿਆਚਾਰਕ/ ਆਰਥਕ ਲੋੜਾਂ ਅਨੁਸਾਰ ਰੀਸ਼ੇਪ ਕਰਨ ਲਈ ਸੰਘਰਸ਼ ਕਰਦੀਆਂ ਹਨ ..ਇਸ ਸੰਘਰਸ਼ ਵਿਚੋਂ ਉਤਪਨ ਹੋਣ ਵਾਲਾ ਸੱਚ ਫੇਰ ਕੋਈ ਨਿਰਪੱਖ/ ਨਿਰਪੇਖ ਸੱਚ ਨਾ ਰਹਿ ਕੇ ਇਕ ਸ਼ਕਤੀ ਸੰਪੰਨ ਧਿਰ ਦੁਆਰਾ ਧੱਕੇ/ ਪ੍ਰੇਰਨਾ ਨਾਲ ਮਨਵਾਇਆ ਇਕ ਪਾਸੜ ਸੱਚ ਹੀ ਹੁੰਦਾ ਹੈ।ਦੇਖਣ ਨੂੰ ਭਾਵੇਂ ਇਹ ਸਭ ਦਾ ਸਾਂਝਾ ਸੱਚ ਹੀ ਪ੍ਰਤੀਤ ਹੁੰਦਾ ਹੋਵੇ।"

"ਸੱਚ ਤੋਂ ਕੌਣ ਮੁਨਕਰ ਹੈ? ਸੱਚ ਨੂੰ ਤਾਂ ਕਿਸੇ ਨੇ ਵੀ ਰੱਦ ਨਹੀਂ ਕੀਤਾ। ਨਿਰਪੇਖ ਸੱਚ ਤੱਕ ਪਹੁੰਚਣ ਦੀ ਸਾਡੀ ਸਮਰੱਥਾ ਜ਼ਰੂਰ ਸ਼ੱਕ ਦੇ ਘੇਰੇ ਵਿਚ ਹੈ। ..ਹਰ ਕਿਸੇ ਦਾ ਆਪੋ ਆਪਣਾ ਸੱਚ ਹੈ, ਮੇਰਾ, ਤੁਹਾਡਾ, ਆਪਣਾ ਪੰਜਾਬੀਆਂ ਦਾ, ਭਾਰਤ ਦਾ, ਦੁਨੀਆਂ ਦਾ, ਮਨੁਖ ਜਾਤੀ ਦਾ। ਹਰ ਕੋਈ ਵਿਅਕਤੀ, ਭਾਈਚਾਰਾ, ਕੌਮ, ਯੁਗ, ਧਰਮ, ਵਿਗਿਆਨ ਆਪੋ ਆਪਣੇ ਸੱਚ ਘੜਦੇ ਹਨ। ਵਿਗਿਆਨ/ ਗਣਿਤ ਦਾ ਸੱਚ ਵੀ ਕੋਈ ਅੰਤਮ ਸੱਚ ਨਹੀਂ ਹੁੰਦਾ। ..ਨਿਊਟਨ ਤੋਂ ਬਾਅਦ ਆਈਨਸਟਾਈਨ, ਆਈਨਸਟਾਈਨ ਤੋਂ ਬਾਅਦ ਬੋਹਰ ਅਤੇ ਬੋਹਰ ਤੋਂ ਬਾਅਦ ਆਈਜ਼ਨਬਰਗ, ਸਭ ਨੇ ਆਪੋ ਆਪਣਾ ਸੱਚ ਪੇਸ਼ ਕੀਤਾ।" ਡਾ. ਨੂਰ ਨੇ ਗੱਲਬਾਤ ਨੂੰ ਬਾਪਿਸ ਨੁਕਤੇ ਤੇ ਲਿਆਉਂਦੇ ਹੋਏ ਕਿਹਾ, " ਅਸੀਂ ਇਤਿਹਾਸਕ ਘਟਨਾ ਦੀ ਹੋਂਦ ਤੋਂ ਮੁਨਕਰ ਨਹੀਂ ਹਾਂ। ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਸਾਡਾ ਸਭ ਦਾ ਸੱਚ ਹੈ। ਸਿੱਖ ਇਤਿਹਾਸ ਅਤੇ ਸਿੱਖ ਯਾਦ ਇਸ ਸੱਚ ਨੂੰ ਕਿਵੇਂ ਪੜ੍ਹਦੇ ਹਨ, ਅਸੀਂ ਤਾਂ ਇਹ ਸਮਝਣ ਦੀ ਕੋਸ਼ਿਸ਼ ਵਿਚ ਹਾਂ।"

"ਮੀਆਂ ਮੀਰ ਦੀ ਉਦਾਹਰਣ ਲੈਕੇ ਇਹ ਗੱਲ ਸੌਖਿਅ ਹੀ ਸਮਝੀ ਜਾ ਸਕਦੀ ਹੈ।" ਡਾ. ਜਗਬੀਰ ਸਿੰਘ ਨੇ ਗੱਲ ਸ਼ੁਰੂ ਕੀਤੀ, " ਸਿਖ ਇਤਿਹਾਸਕਾਰ ਵਿਸ਼ਵਾਸ਼ ਕਰਦੇ ਹਨ ਕਿ ਦਰਬਾਰ ਸਾਹਿਬ ਦਾ ਨੀਂਹ ਪੱਥਰ ਸਾਈਂ ਮੀਆਂ ਮੀਰ ਨੇ ਰੱਖਿਆ ਸੀ। ਫੇਰ ਕਈ ਆਧੁਨਿਕ ਇਤਿਹਾਸਕਾਰਾਂ ਨੇ ਇਸ ਗੱਲ ਤੇ ਸ਼ੱਕ ਪ੍ਰਗਟ ਕਰਨੀ ਸ਼ੁਰੂ ਕਰ ਦਿੱਤੀ। ਉਹਨਾ ਦਾ ਕਹਿਣਾ ਸੀ ਕਿ ਮੀਆਂ ਮੀਰ ਦੇ ਦਰਬਾਰ ਸਾਹਿਬ ਦਾ ਨੀਂਹ ਪੱਥਰ ਰੱਖਣ ਵਾਲੀ ਗੱਲ ਦਾ ਕੋਈ ਇਤਿਹਾਸਕ ਪ੍ਰਮਾਣ ਨਹੀਂ ਮਿਲਦਾ। ਹੁਣ ਅੱਜ ਦੇ ਇਤਿਹਾਸਕਾਰ ਇਸ ਸਥਿਤੀ ਨੂੰ ਇਕ ਵੱਖਰੇ ਦ੍ਰਿਸ਼ਟੀਕੋਣ ਤੋਂ ਦੇਖ ਰਹੇ ਹਨ। ਇਹਨਾ ਦਾ ਕਹਿਣਾ ਹੈ ਕਿ ਮੀਆਂ ਮੀਰ ਦੇ ਦਰਬਾਰ ਸਾਹਿਬ ਦਾ ਨੀਂਹ ਪੱਥਰ ਰੱਖਣ ਵਾਲੀ ਗੱਲ ਸਿੱਖਾਂ ਦੀ ਕੌਮੀ ਯਾਦ ਦਾ ਅਨਿਖੜਵਾਂ ਅੰਗ ਹੈ। ਸਬੂਤ ਮਿਲੇ ਨਾ ਮਿਲੇ, ਪਰ ਸਮੂਹਿਕ/ ਕੌਮੀ ਸਿੱਖ ਯਾਦ ਵਿਚ ਇਹ ਗੱਲ ਪੂਰੀ ਤਰ੍ਹਾਂ ਵਸੀ ਹੋਈ ਹੈ ਕਿ ਦਰਬਾਰ ਸਾਹਿਬ ਦਾ ਨੀਂਹ ਪੱਥਰ ਮੀਆਂ ਮੀਰ ਨੇ ਹੀ ਰੱਖਿਆ ਸੀ। ਸਿਖ ਭਾਈਚਾਰੇ/ ਕੌਮ ਦੀਆਂ ਵਰਤਮਾਨ ਸੰਸਥਾਵਾਂ ਅਤੇ ਅਜੋਕੀ ਰਾਜਨੀਤਕ-ਸੰਸਕ੍ਰਿਤਕ ਪਹਿਚਾਣ ਦੀ ਸਥਾਪਨਾ ਵਿਚ ਇਸ ਸਮੂਹਿਕ ਸਿੱਖ ਯਾਦ ਨੇ ਬਹੁਤ ਹੀ ਅਹਿਮ ਰੋਲ ਅਦਾ ਕੀਤਾ ਹੈ। ਇਸ ਲਈ ਸਾਡੀ ਆਪਣੇ ਅਤੀਤ ਬਾਰੇ ਇਸ ਪਹੁੰਚ ਦੀ ਸੱਚਾਈ ਤੋਂ ਵੀ ਮੁਨਕਰ ਨਹੀਂ ਹੋਇਆ ਜਾ ਸਕਦਾ।"

"ਜੇਕਰ ਥੋੜ੍ਹੇ ਸ਼ਬਦਾਂ ਵਿਚ ਕਹਿਣਾ ਹੋਵੇ ਤਾਂ ਕਿਹਾ ਜਾ ਸਕਦਾ ਹੈ ਕਿ ਸਾਰੀ ਕਹਾਣੀ ਤਾਂ ਕਿਸੇ ਵੀ ਭਾਈਚਾਰੇ ਜਾਂ ਕੌਮ ਦੁਆਰਾ ਆਪਣੀਆਂ ਵਰਤਮਾਨ ਚਣੌਤੀਆਂ ਅਤੇ ਸੰਭਾਵਨਾਵਾਂ ਦੇ ਪ੍ਰਸੰਗ ਵਿਚ ਆਪਣੇ ਖੂਬਸੂਰਤ ਭਵਿਖ ਦੀ ਸਿਰਜਣਾ ਲਈ ਆਪਣੇ ਕੌਮੀ ਇਤਿਹਾਸ/ ਸਮੂਹਿਕ ਯਾਦ ਦੀ ਪ੍ਰਾਸੰਗਿਕਤਾ ਨੂੰ ਪੁਨਰ ਸਥਾਪਿਤ ਕਰਕੇ ਵਰਤੋਂ ਵਿਚ ਲਿਆਉਣ ਦੀ ਹੀ ਹੈ। " ਡਾ. ਨੂਰ ਨੇ ਸਾਰੀ ਵਿਚਾਰ ਚਰਚਾ ਨੂੰ ਇਹਨਾ ਸ਼ਬਦਾਂ ਨਾਲ ਸਮੇਟਣਾ ਚਾਹਿਆ। ਪਰ ਜ਼ਫਰ ਨੇ ਤਾਂ ਨਾਲ ਹੀ ਪੁਛ ਲਿਆ ਕਿ ਸਿਖ ਇਤਿਹਾਸ/ ਯਾਦ ਇਹ ਤਬਦੀਲੀ ਕਿਹੜੀਆਂ ਸੰਸਕ੍ਰਿਤਕ-ਰਾਜਨੀਤਕ ਪ੍ਰਸਥਿਤੀਆਂ ਦੀ ਦੇਣ ਸੀ।" "ਗਰੇਵਾਲ, ਇਸ ਗੱਲ ਦਾ ਜੁਆਬ ਹੁਣ ਤੂੰ ਦੇਹ। ਫੇਰ ਖਾਣਾ ਖਾਈਏ ਤੇ ਚੱਲੀਏ, ਲੇਟ ਹੋ ਰਹੇ ਹਾਂ, ਤੁਸੀਂ ਤਾਂ ਲੁਧਿਆਣੇ ਪਹੁੰਚਣਾ। " ਡਾ. ਨੂਰ ਨੇ ਇਹ ਫੁਰਮਾਨ ਜਾਰੀ ਕੀਤਾ।

"ਭਾਰਤ ਵਿਚ ਬਹੁਵਾਦੀ ਨੇਸ਼ਨ-ਸਟੇਟ ਫਾਰਮੇਸ਼ਨ ਦੇ ਆਪਣੇ ਪਰਾਜੈਕਟ ਨੂੰ ਅੱਗੇ ਤੋਰਨ ਲਈ ਮੂਲਵਾਦ, ਵੱਖਵਾਦ ਕੱਟੜਵਾਦ ਅਤੇ ਏਕਾਧਿਕਾਰਵਾਦ ਵਿਰੁਧ ਆਪਣਾ ਸਟੈਂਡ ਸਪਸ਼ਟ ਕਰਨ ਵਾਸਤੇ, ਇੱਕ ਮੁਸਲਮਾਨ ਫਕੀਰ ਕੋਲੋਂ ਨੀਂਹ ਪੱਥਰ ਰਖਵਾਉਣਾ, ਗੁਰੂ ਸਾਹਿਬ ਦੀ ਸੋਚ ਨਾਲ ਮੇਲ ਖਾਂਦੀ ਗੱਲ ਹੈ। ਸੱਚ ਪੁਛੋ ਤਾਂ ਮੀਆਂ ਮੀਰ ਤੋਂ ਨੀਂਹ ਪੱਥਰ ਰਖਵਾਉਣ ਵਾਲੀ ਘਟਨਾ ਵਿਚੋਂ ਗੁਰੂ ਸਾਹਿਬ ਜੀ ਦੀ ਫਿਲਾਸਫੀ ਦੇ ਦਰਸ਼ਨ ਹੁੰਦੇ ਹਨ। ਉਹਨਾ ਨੇ ਅਜੇਹਾ ਜ਼ਰੂਰ ਕੀਤਾ ਹੋਵੇਗਾ, ਜਾਂ ਕਰਨ ਬਾਰੇ ਸੋਚਿਆ ਹੋਵੇਗਾ, ਕਿਉਂਕਿ ਇਸ ਘਟਨਾ ਨੇ ਜੋ ਸੁਨੇਹਾ ਦੇਣਾ ਸੀ, ਉਹ ਹੀ ਤਾਂ ਗੁਰੂ ਸਾਹਿਬ ਦਾ ਮਿਸ਼ਨ ਸੀ। ਨਿਰਸੰਦੇਹ ਇਹ ਘਟਨਾ ਗੁਰੂ ਸਾਹਿਬ ਦੇ ਮਿਸ਼ਨ ਦੇ ਸਭ ਤੋਂ ਵੱਡੇ ਸੱਚ ਨੂੰ ਪੇਸ਼ ਕਰਦੀ ਹੈ।

ਉਸ ਵੇਲ ਦੀ ਸਿਖ ਸੰਗਤ ਜੋ ਗੁਰੂ ਸਾਹਿਬ ਦੁਆਰਾ ਏਕਾਧਿਕਾਰ ਵਿਰੁਧ ਲੜੀ ਜਾ ਰਹੀ ਜੰਗ ਵਿਚ ਸ਼ਾਮਲ ਸੀ, ਦਾ ਇਸ ਗੱਲ ਤੇ ਯਕੀਨ ਕਰ ਲੈਣਾ ਜਾਂ ਇਸ ਨੂੰ ਆਪਣੀ ਸਮੂਹਿਕ/ ਕੌਮੀ ਯਾਦ ਦਾ ਹਿੱਸਾ ਬਣਾ ਲੈਣਾ ਕਿ ਇਕ ਮੁਸਲਿਮ ਸੂਫੀ ਫਕੀਰ ਨੇ ਹੀ ਦਰਬਾਰ ਸਾਹਿਬ ਦੀ ਨੀਂਹ ਰੱਖੀ ਸੀ, ਬਹੁਤ ਸੁਭਾਵਕ ਹੈ।

ਬਰਤਾਨਵੀ ਸਾਮਰਾਜ ਦੌਰਾਨ ਸਿੰਘ ਸਭਾ ਲਹਿਰ ਦੇ ਸਮੇ ਵੱਖਰੀ ਸਿੱਖ ਪਹਿਚਾਣ ਦੀ ਸਥਾਪਨਾ ਦੇ ਪਰਾਜੈਕਟ ਦੌਰਾਨ ਇਸ ਗੱਲ ਤੇ ਸ਼ੱਕ ਕਰਨ ਜਾਂ ਇਸਨੂੰ ਨਿਰਉਤਸਾਹਿਤ ਕਰਨਾ ਕਿ ਮੁਸਲਮਾਨ ਧਰਮ ਨਾਲ ਸਬੰਧਤ ਕਿਸੇ ਵਿਅਕਤੀ ਨੇ ਦਰਬਾਰ ਸਾਹਿਬ ਦੀ ਨੀਂਹ ਰੱਖੀ ਹੋਵੇਗੀ, ਵੀ ਓਨਾ ਹੀ ਸੁਭਾਵਕ ਸੀ।

ਅੱਜ ਜਦੋਂ ਕਿ ਸਿਖ ਭਾਈਚਾਰੇ ਸਮੇਤ ਸੱਭੇ ਕੌਮਾਂ ਆਪਣੇ ਆਪ ਨੂੰ ਬਹੁਵਾਦੀ ਉਦਾਰ ਜਮਹੂਰੀਅਤ ਅਤੇ ਸਮਾਜਕ ਨਿਆਂ ਵਰਗੀਆਂ ਕਦਰਾਂ ਕੀਮਤਾਂ ਨਾਲ ਜੋੜ ਕੇ ਦੇਖ ਰਹੀਆਂ ਹਨ, ਤਾਂ ਅਜੇਹੀ ਸਥਿਤੀ ਵਿਚ ਸਿਖ ਯਾਦ ਅਤੇ ਇਤਿਹਾਸ ਨੂੰ ਇਹਨਾ ਨਵੀਆਂ ਕਦਰਾਂ ਕੀਮਤਾਂ ਅਨੁਸਾਰ ਪੁਨਰਸਥਾਪਿਤ ਕਰਨ ਲਈ, ਆਪਣੇ ਅਤੀਤ ਦੀ ਇਸ ਕਹਾਣੀ ਨੂੰ ਇਕ ਨਵੀਂ ਟੈਕਸਟ ਦੇ ਰੂਪ ਵਿਚ ਪੇਸ਼ ਕਰਨਾ, ਜਿਥੇ ਮੀਆ ਮੀਰ ਦੀ ਦਰਬਾਰ ਸਾਹਿਬ ਦਾ ਨੀਂਹ ਪੁਥਰ ਰੱਖਣ ਵਾਲੀ ਘਟਨਾ ਇਕ ਮਹੁਤਵਪੂਰਨ ਐਪੀਸੋਡ ਹੈ, ਇਕ ਵਾਰੀ ਫੇਰ ਜ਼ਰੂਰੀ ਹੋ ਗਿਆ ਹੈ।

ਸਾਈਂ ਮੀਆਂ ਮੀਰ ਨੇ ਦਰਬਾਰ ਸਾਹਿਬ ਦੀ ਨੀਂਹ ਰੱਖੀ ਜਾਂ ਨਹੀਂ ਰੱਖੀ, ਇਹ ਗੱਲ ਓਨੀ ਮਹੱਤਵਪੂਰਨ ਨਹੀਂ, ਜਿੰਨਾ ਸਾਡਾ ਇਸ ਗੱਲ ਤੇ ਵਿਸ਼ਵਾਸ਼ ਕਰਨਾ ਅਤੇ ਸੰਚਾਰ ਤੇ ਪ੍ਰਸਾਰ ਕਰਨਾ ਕਿ ਦਰਬਾਰ ਸਾਹਿਬ ਦੀ ਨੀਂਹ ਸਾਈਂ ਮੀਆਂ ਮਰਿ ਨੇ ਹੀ ਰੱਖੀ ਸੀ, ਮਹੱਤਵਪੂਰਨ ਹੈ।"

"ਲੇਟ ਤਾਂ ਆਪਾਂ ਹੋ ਹੀ ਰਹੇ ਹਾਂ, ਪਰ ਖਾਣੇ ਤੋਂ ਪਹਿਲਾਂ ਇਹ ਗੱਲ ਜ਼ਰੂਰ ਸਪਸ਼ਟ ਕਰੋ ਕਿ ਇਹ ਸਮੂਹਿਕ/ ਕੌਮੀ ਯਾਦ ਦਾ ਟਿਕਾਣਾ ਕਿਥੇ ਹੈ? ਇਹ ਕਿੱਥੇ ਵਸਦੀ ਹੈ?" ਜ਼ਫਰ ਜ਼ਿਦ ਕਰ ਰਿਹਾ ਸੀ। "ਪਰ ਜੁਆਬ ਇੱਕੋ ਲਾਈਨ ਦਾ ਹੋਣਾ ਚਾਹੀਦੈ", ਨੂਰ ਸਾਹਿਬ ਨੇ ਸਪਸ਼ਟ ਕੀਤਾ।

"ਇਹ ਸਾਡੇ ਵਿਅਕਤੀਗਤ ਸਿਰਾਂ ਵਿਚ ਨਹੀਂ,ਸਗੋਂ ਆਪਣੇ ਸਾਂਝੇ ਅਤੀਤ ਦੀ ਕਲਪਨਾ/ ਸਥਾਪਨਾ ਕਰ ਰਹੇ ਲੋਕਾਂ ਦੇ ਆਪਸੀ ਸੰਵਾਦ ਵਿਚ ਵਿਗਸਦੀ ਹੈ।"

------------

ਅਜੀਤ ਕੌਰ/ ਅਰਪਨਾ ਦੀ ਆਰਟ ਗੈਲਰੀ ਵਿਚ ਸਵਰਨਜੀਤ ਸਵੀ ਦੀ ਡਿਜੀਟਲ ਫੋਟੋਗਰਾਫੀ ਦੀ ਪ੍ਰਦਰਸ਼ਨੀ ਦਾ ਅੱਜ ਆਖਰੀ ਦਿਨ ਸੀ। ਆਪਣਾ ਕੰਮ ਨਿਪਟਾ ਕੇ ਉਹ ਜਿਉਂ ਹੀ ਡਾ. ਜਗਬੀਰ ਸਿੰਘ ਦੇ ਘਰ ਪਹੁੰਚਿਆ, ਅਸੀਂ ਬਿਨਾ ਖਾਣਾ ਖਾਧਿਆਂ ਲੁਧਿਆਣੇ ਲਈ ਚੱਲ ਪਏ। ਸਵੀ ਅਤੇ ਜ਼ਫਰ ਨੇ ਟੈਲੀਫੋਨ 'ਤੇ ਤਹਿ ਕਰ ਲਿਆ ਸੀ ਕਿ ਖਾਣਾ ਰਸਤੇ ਵਿਚ ਹੀ ਖਾਵਾਂਗੇ।

ਟੈਲੀਫੋਨ ਤੇ ਉਹਨਾ ਨੇ ਕੇਵਲ ਖਾਣੇ ਦਾ ਪ੍ਰੋਗਰਾਮ ਹੀ ਤਹਿ ਨਹੀਂ ਸੀ ਕੀਤਾ, ਇਹ ਵੀ ਤਹਿ ਕਰ ਲਿਆ ਸੀ ਕਿ ਡਾ. ਜਗਬੀਰ ਸਿੰਘ ਦੇ ਘਰ ਜੋ ਵਿਚਾਰ ਚਰਚਾ ਚੱਲ ਰਹੀ ਸੀ, ਉਸ ਨੂੰ ਅੱਗੇ ਤੋਰਦੇ ਹੋਏ ਮੈਨੂੰ ਕਿਵੇਂ ਘੇਰਨਾ ਹੈ।ਉਹ ਅਕਸਰ ਹੀ ਅਜੇਹੀ ਸਾਜਿਸ਼ ਰਚ ਲੈਂਦੇ ਹਨ।ਹਮੇਸ਼ਾ ਵਾਂਗ ਇਸ ਵਾਰ ਵੀ ਮੈਂ ਉਹਨਾ ਦੀ ਇਸ ਸਾਜਿਸ਼ ਤੇ ਬਹੁਤ ਖੁਸ਼ ਸੀ।ਦੇਖਿਆ ਜਾਵੇ ਤਾਂ ਬਿਨਾ ਕੁਝ ਕਹੇ ਸੁਣ ਮੈਂ ਵੀ ਉਹਨਾ ਦੀ ਇਸ ਸਾਜਿਸ਼ ਵਿਚ ਸ਼ਾਮਲ ਹੀ ਹੁੰਦਾ ਹਾਂ ਕਿਉਂਕਿ ਜਦੋਂ ਉਹ ਮੈਨੂੰ ਆਪਣੇ ਤਿੱਖੇ ਸੁਆਲਾਂ, ਨਵੇਂ ਗਿਆਨ ਸੋਮਿਆਂ ਅਤੇ ਪ੍ਰਾਸੰਗਿਕ ਮੁੱਦਿਆਂ ਨਾਲ ਘੇਰਦੇ ਹਨ ਤਾਂ ਮੈਂ ਉਹਨਾ ਦੇ ਇਸ ਘਿਰਾਓ 'ਚੋਂ ਬਾਹਰ ਨਿਕਲਣ ਲਈ ਜੋ ਹੱਥ ਪੈਰ ਮਾਰਦਾ ਹਾਂ, ਉਹ ਯਤਨ ਹੀ ਫੇਰ ਮੇਰੀਆਂ ਲਿਖਤਾਂ ਦੇ ਰੂਪ ਵਿਚ ਢਲਦੇ ਰਹਿੰਦੇ ਹਨ।

"ਭਾਅ ਜੀ, ਜ਼ਫਰ ਨੇ ਦੱਸਿਆ ਕਿ ਵਾਸਤਵਿਕਤਾ ਅਤੇ ਸੱਚਾਈ ਦੇ ਮੁੱਦੇ ਤੇ ਗੱਲਬਾਤ ਹੋ ਰਹੀ ਸੀ।" ਦਿੱਲੀ ਨਿਕਲਦਿਆਂ ਹੀ ਸਵੀ ਨੇ ਗੱਲ ਤੋਰੀ।"ਗੱਲ ਇਤਿਹਾਸ ਦੇ ਸੰਦਰਭ ਵਿਚ ਹੋ ਰਹੀ ਸੀ।" ਜ਼ਫਰ ਨੇ ਵਿਚਾਰ ਚਰਚਾ ਦੇ ਸੰਦਰਭ ਅਤੇ ਫੋਕਸ ਨੂੰ ਨਿਸ਼ਚਿਤ ਕਰਨ ਦੀ ਕੋਸ਼ਿਸ਼ ਕੀਤੀ।

"ਇਸਦਾ ਮਤਲਬ ਸਾਡੀ ਅੱਜ ਦੀ ਗੱਲਬਾਤ ਇਤਿਹਾਸਕ ਘਟਨਾ ਦੀ ਵਾਸਤਵਿਕਤਾ ਅਤੇ ਸੱਚਾਈ ਦੇ ਮੁੱਦੇ 'ਤੇ ਹੀ ਘੁੰਮੇਗੀ। ਪਰ ਭਾਅ ਜੀ," ਸਵੀ ਨੇ ਵਿਸ਼ਾ ਸਪਸ਼ਟ ਹੁੰਦਿਆਂ ਹੀ ਸਿੱਧਾ ਸੁਆਲ ਕੀਤਾ, "ਕੀ ਆਪਾਂ ਇਤਿਹਾਸਕ ਘਟਨਾ ਜਾਂ ਇਤਿਹਾਸਕ ਰੈਫਰੈਂਟ ਦੀ ਵਾਸਤਿਵਕਤਾ ਅਤੇ ਸੱਚਾਈ ਤੋਂ ਮੁਨਕਰ ਹੋ ਸਕਦੇ ਹਾਂ?"

"ਸਵੀ, ਸੁਆਲ ਤਾਂ ਏਨਾ ਹੀ ਸਿੱਧਾ, ਸਪਸ਼ਟ ਅਤੇ ਇੱਕ ਟੁਕ ਹੋ ਸਕਦਾ ਹੈ ਜਿੰਨਾ ਤੂੰ ਕਰ ਦਿੱਤਾ, ਪਰ ਇਸਦਾ ਹਾਂ ਜਾਂ ਨਾਂਹ ਵਿਚ ਇਕ ਟੁਕ ਜੁਆਬ ਮੁੱਦੇ ਨੂੰ ਸੁਲਝਾਉਂਣ ਦੀ ਥਾਂ ਉਲਝਾ ਦੇਵੇਗਾ। ..ਕਿਸੇ ਇੱਕ ਨਿਸ਼ਚਿਤ ਫੈਸਲੇ ਤੇ ਪਹੁੰਚਣ ਦੀ ਥਾਂ, ਇਤਿਹਾਸਕ ਘਟਨਾ ਦੀ ਹੋਂਦ ਦੇ ਇਸ ਮਸਲੇ ਨੂੰ ਸਮਝਣ ਦੀ ਲੋੜ ਹੈ।" ਮੈਂ ਗੱਲਬਾਤ ਨੂੰ ਰਹਾਉ ਦੇ ਮੋਡ ਵਿਚ ਲਿਆਉਣ ਦੀ ਕੋਸ਼ਿਸ਼ ਕੀਤੀ।

"ਸਾਡੀ ਦਿਲਚਸਪੀ ਵੀ ਫੈਸਲਾ ਸੁਣਨ ਵਿਚ ਨਹੀਂ, ਸਮੱਸਿਆ ਨੂੰ ਸਮਝਣ ਵਿਚ ਹੀ ਹੈ।" ਜ਼ਫਰ ਨੇ ਜੁਆਬ ਦਿੱਤਾ।"ਸੁਆਲ ਤਾਂ ਸਾਡੇ ਮਨ ਵਿਚ ਹੈ ਹੀ, ਪਰ ਤੁਸੀਂ ਸਾਡੇ ਇਸ ਸੁਆਲ ਦੇ ਸਮਾਧਾਨ ਲਈ, ਆਪਣੀ ਸਹੂਲਤ ਮੁਤਾਬਕ ਇਸ ਮਸਲੇ ਨੂੰ ਕਿਸੇ ਵੱਖਰੇ ਦ੍ਰਿਸ਼ਟੀਕੋਣ ਤੋਂ ਵੀ ਦੇਖ ਸਕਦੇ ਹੋ।" ਸਵੀ ਫੋਕਸ ਨੂੰ ਹਿੱਲਣ ਨਹੀਂ ਸੀ ਦੇਣਾ ਚਾਹੁੰਦਾ।

"ਡਾ. ਜਗਬੀਰ ਸਿੰਘ ਦੇ ਘਰ ਡਾ. ਨੂਰ ਨੇ ਜਿਹੜੀ ਗੱਲ ਕਹੀ ਸੀ ਕਿ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਦੇ ਸੱਚ ਤੋਂ ਮੁਨਕਰ ਨਹੀਂ ਹੋਇਆ ਜਾ ਸਕਦਾ, ਇਹ ਗੱਲ ਬਿਲਕੁਲ ਠੀਕ ਹੈ। ਗੱਲ ਬਾਤ ਸ਼ੁਰੂ ਵੀ ਏਥੋਂ ਹੀ ਹੋਣੀ ਚਾਹੀਦੀ ਹੈ। ਪਰ ਇਹ ਸੱਚਾਈ ਸਾਨੂੰ ਕਿੱਥੋਂ, ਕਿਵੇਂ, ਕਿਸ ਮਾਧਿਅਮ ਰਾਹੀਂ ਅਤੇ ਕਿਸ ਰੂਪ ਵਿਚ ਪ੍ਰਾਪਤ ਹੁੰਦੀ ਹੈ, ਇਹ ਸੋਚਣ ਵਾਲੀ ਗੱਲ ਹੈ। ਇਹ ਸੋਚੇ ਬਿਨਾ ਤੁਹਾਡੇ ਸੁਆਲ ਦਾ ਜੁਆਬ ਨਹੀਂ ਦਿੱਤਾ ਜਾ ਸਕਦਾ। ..ਹੋਰ ਵੀ ਬਹੁਤ ਕੁਝ ਵਾਪਰਿਆ, ਅਨੇਕਾਂ ਹੋਰ ਲੋਕ ਵੀ ਸ਼ਹੀਦ ਹੋਏ ਹੋਣਗੇ ਜਿਹਨਾ ਨੂੰ ਅਸੀਂ ਭੁੱਲ ਚੁੱਕੇ ਹਾਂ।ਸੁਆਲ ਹੈ ਕਿ ਜਿਹਨਾ ਨੂੰ ਅਸੀਂ ਭੁੱਲ ਗਏ, ਉਹ ਕਿਉਂ ਭੁੱਲ ਗਏ ਅਤੇ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਸਾਡੀ ਯਾਦ ਵਿਚ ਏਨੀ ਡੂੰਘੀ ਤਰ੍ਹਾਂ ਨਾਲ ਕਿਉਂ ਵਸੀ ਹੋਈ ਹੈ? ਇਸ ਸੁਆਲ ਦਾ ਜੁਆਬ ਢੂੰਡਣਾ ਹੀ ਪਵੇਗਾ ਕਿ ਸਾਡੀਆਂ ਉਹ ਕਿਹੜੀਆਂ ਨਿੱਜੀ ਜਾਂ ਕੌਮੀ ਲੋੜਾਂ ਹਨ ਜਿਹਨਾ ਦੀ ਪੂਰਤੀ ਲਈ ਅਸੀਂ ਗੁਰੂ ਅਰਜਨ ਦੇਵ ਜੀ ਦੀ ਨੂੰ ਏਨੀ ਸ਼ਿੱਦਤ ਨਾਲ ਯਾਦ ਰੱਖਿਆ ਹੋਇਆ ਹੈ? ਕੀ ਸਾਡੀਆਂ ਇਹ ਲੋੜਾਂ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਨਾਲ ਸਬੰਧਤ ਘਟਨਾਵਾਂ ਅਤੇ ਉਹਨਾ ਦੀ ਜਟਿਲਤਾ ਨੂੰ ਸੰਪਾਦਿਤ (ਐਡਿਟ) ਨਹੀਂ ਕਰਦੀਆਂ ਹੋਣਗੀਆਂ? ਜੇਕਰ ਅਸੀਂ ਕਿਸੇ ਨਿਰਣੇ ਤੇ ਪਹੁੰਚਣਾ ਚਾਹੁੰਦੇ ਹਾਂ ਤਾਂ ਸਾਨੂੰ ਇਹਨਾ ਸਾਰੇ ਸੁਆਲਾਂ ਦੇ ਜੁਆਬ ਢੂੰਡਣ ਹੀ ਪੈਣਗੇ।"

ਮੇਰੀ ਗੱਲਬਾਤ ਨਾਲ ਸਹਿਮਤੀ ਪ੍ਰਗਟਾਉਂਦੇ ਹੋਏ ਸਵੀ ਨੇ ਇਸ ਧਾਰਨਾ ਨੂੰ ਹੋਰ ਵੀ ਵਧੀਆ ਢੰਗ ਨਾਲ ਪੇਸ਼ ਕੀਤਾ, " ਜ਼ਾਹਿਰ ਹੈ ਕਿ ਅੱਜ ਤੋਂ ਚਾਰ ਸੌ ਸਾਲ ਪਹਿਲਾਂ ਹੋਈ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਦੀ ਘਟਨਾ ਅਸੀਂ ਤਾਂ ਆਪਣੀਆਂ ਅੱਖਾਂ ਨਾਲ ਦੇਖੀ ਨਹੀਂ। ਨਾ ਹੀ ਅਸੀਂ ਇਸ ਘਟਨਾ ਦੇ ਕਿਸੇ ਚਸ਼ਮਦੀਦ ਗਵਾਹ ਨੂੰ ਜਾਣਦੇ ਹਾਂ ਜਿਸਨੇ ਸਾਨੂੰ ਇਸਦਾ ਅੱਖੀਂ ਡਿੱਠਾ ਹਾਲ ਸੁਣਾਇਆ ਹੋਵੇ। ਇਸ ਲਈ ਇਹ ਗੱਲ ਬੜੇ ਆਰਾਮ ਨਾਲ ਕਹੀ ਜਾ ਸਕਦੀ ਹੈ ਕਿ ਅਸੀਂ ਤਾਂ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਦੀ ਘਟਨਾ ਨੂੰ ਨਾ ਦੇਖਿਆ ਹੈ ਨਾ ਸੁਣਿਆ ਹੈ। ..ਸਾਡੀ ਯਾਦ ਵਿਚ ਤਾਂ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਦੇ ਉਹ ਚਿਤਰ ਹੀ ਹਨ, ਜੋ ਅਸੀਂ ਬਚਪਨ ਤੋਂ ਦੇਖਦੇ ਆ ਰਹੇ ਹਾਂ। ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਨਾਲ ਸਬੰਧਤ ਇਕ ਚਿਤਰ ਤਾਂ ਮੈਂ ਵੀ ਬਣਾਇਆ ਸੀ। ..ਮੇਰੇ ਸਮੇਤ ਅਨੇਕਾਂ ਚਿਤਰਕਾਰਾਂ ਨੇ ਆਪਣੀ ਵਿਚਾਰਧਾਰਾ, ਸੋਚ ਅਤੇ ਕਲਪਨਾ ਦੇ ਅਧਾਰ ਤੇ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਦੀ ਘਟਨਾ ਨੂੰ ਵੱਖੋ ਵੱਖਰੇ ਰੂਪਾਂ ਵਿਚ ਪੇਸ਼ ਕੀਤਾ ਹੈ। ..ਇਸੇ ਤਰ੍ਹਾਂ ਗੁਰੂ ਜੀ ਦੀ ਸ਼ਹੀਦੀ ਨਾਲ ਸਬੰਧਤ ਵੱਖ ਵੱਖ ਕਥਾ, ਕਹਾਣੀਆਂ,ਸਾਖੀਆਂ, ਮਹਾਂ ਕਾਵਿ, ਨਾਵਲ, ਨਾਟਕ, ਇਤਿਹਾਸਕ ਦਸਤਾਵੇਜ਼, ਟਿੱਪਣੀਆਂ, ਆਦਿ ਜੋ ਵੀ ਸਾਡੇ ਤੱਕ ਪਹੁੰਚੀਆਂ ਹਨ, ਉਹ ਵੀ ਵੱਖੋ ਵੱਖਰੀਆਂ ਪ੍ਰਸਥਿਤੀਆਂ ਵਿਚ ਵੱਖੋ ਵੱਖਰੇ ਲੋਕਾਂ ਨੇ ਵੱਖੋ ਵੱਖਰੀਆਂ ਲੋੜਾਂ ਦੀ ਪੂਰਤੀ ਲਈ ਘੜੀਆਂ ਸਨ। ...ਸਾਡੇ ਕੋਲ ਤਾਂ ਕੇਵਲ ਰੰਗਾਂ ਦੇ ਬਣੇ ਹੋਏ ਚਿਤਰ ਅਤੇ ਸ਼ਬਦਾਂ ਦੀਆਂ ਬਣੀਆਂ ਹੋਈਆਂ ਕਥਾ ਕਹਾਣੀਆਂ ਹੀ ਪਹੁੰਚੀਆਂ ਹਨ। ..ਇਹ ਕਥਾ ਕਹਾਣੀਆਂ ਅਤੇ ਚਿਤਰ ਹੋਰ ਚੀਜ਼ ਹਨ ਅਤੇ ਸਹਾਦਤ ਹੋਰ ਚੀਜ਼। ਕਥਾ ਕਹਾਣੀਆਂ ਅਤੇ ਚਿਤਰ ਟੈਕਸਟ ਹਨ ਅਤੇ ਸ਼ਹਾਦਤ ਵਾਸਤਵਿਕਤਾ। ਇਸ ਲਈ ਦੋਨਾ ਦੀ ਹੋਂਦ ਅਤੇ ਸੱਚ ਵੀ ਅੱਡੋ ਅੱਡਰੇ ਹੀ ਹਨ।"

"ਇਸਦਾ ਮਤਲਬ ਦੋਨੋ ਹੀ ਆਪੋ ਆਪਣੀ ਥਾਂ ਤੇ ਆਪੋ ਆਪਣੀ ਕਿਸਮ ਦੇ ਦੋ ਵੱਖੋ ਵੱਖਰੇ ਸੱਚ ਹਨ। ਇਕ ਟੈਕਸਟ ਹੈ ਅਤੇ ਦੂਸਰੀ ਵਾਸਤਵਿਕਤਾ। ਕਿਉਂਕਿ ਵਾਸਤਵਿਕਤਾ ਤੱਕ ਪਹੁੰਚਣ ਦਾ ਸਾਡੇ ਕੋਲ ਕੋਈ ਜ਼ਰੀਆ ਹੀ ਨਹੀਂ ਹੈ, ਇਸ ਲਈ ਅਸੀਂ ਵਾਸਤਵਿਕਤਾ ਦੀ ਗੈਰਹਾਜ਼ਰੀ ਵਿਚ ਟੈਕਸਟ ਨੂੰ ਹੀ ਵਾਸਤਵਿਕਤਾ ਮੰਨ ਲਿਆ।" ਜ਼ਫਰ ਨੇ ਸਵੀ ਦੀ ਕਹੀ ਹੋਈ ਗੱਲਬਾਤ ਦਾ ਨਚੋੜ ਕੱਢਣ ਦੀ ਕੋਸ਼ਿਸ਼ ਕੀਤੀ।

"ਤੁਹਾਡੀ ਸਾਰੀ ਗੱਲ ਠੀਕ ਹੈ ਕਿ ਕਿਸੇ ਵੀ ਇਤਿਹਾਸਕ ਘਟਨਾ ਦੀ ਟੈਕਸਟ ਅਤੇ ਵਾਸਤਵਿਕਤਾ ਦੋ ਵੱਖੋ ਵੱਖਰੇ ਸੱਚ ਹਨ, ਪਰ ਨਾਲ ਦੀ ਨਾਲ ਤੁਸੀਂ ਇਹ ਵੀ ਤਾਂ ਆਖ ਰਹ ਹੋ ਕਿ ਇਤਿਹਾਸਕ ਘਟਨਾ ਦੀ ਵਾਸਤਵਿਕਤਾ ਤੱਕ ਪਹੁੰਚਣ ਦਾ ਮਨੁਖ ਕੋਲ ਕੋਈ ਜ਼ਰੀਆ ਹੀ ਨਹੀਂ ਹੈ। ਹੋਂਦ ਅਤੇ ਵਾਸਤਵਿਕਤਾ ਨੂੰ ਤਾਂ ਕੇਵਲ ਟੈਕਸਟ ਦੇ ਰੂਪ ਵਿਚ ਹੀ ਅਨੁਭਵ ਕੀਤਾ ਜਾ ਸਕਦਾ ਹੈ। ਇਸ ਗੱਲ ਨੂੰ ਇਉਂ ਵੀ ਕਿਹਾ ਜਾ ਸਕਦਾ ਹੈ ਕਿ ਹੋਂਦ ਅਤੇ ਵਾਸਤਵਿਕਤਾ ਮਨੁਖ ਨੂੰ ਕੇਵਲ ਟੈਕਸਚੂਅਲ ਰੂਪ ਵਿਚ ਹੀ ਉਪਲਭਦ ਹਨ। ਚਿਹਨਕਤਾ ਅਤੇ ਪੇਸ਼ਕਾਰੀ ਦੇ ਬਾਹਰੋਂ ਦੀ ਤਾਂ ਵਾਸਤਵਿਕਤਾ ਅਤੇ ਸੱਚ ਤੱਕ ਪਹੁੰਚਣ ਦਾ ਕੋਈ ਰਸਤਾ ਹੀ ਨਹੀਂ ਹੈ।"

ਜ਼ਫਰ ਨੇ ਮੇਰੀ ਗੱਲ ਦਾ ਦੈਰਿਦਾ ਦੇ ਹਵਾਲੇ ਨਾਲ ਹੁੰਗਾਰਾ ਦਿੱਤਾ, "ਇਸਦਾ ਮਤਲਬ ਯਾ ਦੈਰਿਦਾ ਨੇ ਆਫ ਗਰੈਮੇਟਾਲੋਜੀ ਵਿਚ ਠੀਕ ਹੀ ਲਿਖਿਆ ਸੀ ਕਿ ਇਸ ਸੰਸਾਰ ਵਿਚ ਟੈਕਸਟ ਬਾਹਰਾ ਕੁੱਝ ਵੀ ਨਹੀਂ ਹੈ।"

"ਇਹ ਗੱਲ ਮੰਨਦੇ ਹਾਂ ਕਿ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਦੀ ਘਟਨਾ ਦੀ ਵਾਸਤਵਿਕਤਾ ਤੱਕ ਸਾਡੀ ਕੋਈ ਪਹੁੰਚ ਨਹੀਂ ਹੈ।" ਇਹ ਆਖ ਕੇ ਸਵੀ ਨੇ ਆਪਣਾ ਨੁਕਤਾ ਪੇਸ਼ ਕੀਤਾ, "ਪਰ ਜੇ ਗੁਰੂ ਅਰਜਨ ਦੇਵ ਜੀ ਦੇ ਸਮੇ ਫਿਲਮਕਾਰੀ ਦੀਆਂ ਅੱਜ ਵਾਲੀਆਂ ਸਾਰੀਆਂ ਸਹੂਲਤਾਂ ਉਪਲਭਦ ਹੁੰਦੀਆਂ ਅਤੇ ਕੋਈ ਫਿਲਮਸਾਜ਼ ਗੁਰੂ ਜੀ ਦੀ ਸ਼ਹੀਦੀ ਨਾਲ ਸਬੰਧਤ ਤਮਾਮ ਘਟਨਾਵਾਂ ਦੀ ਫਿਲਮ ਵੀ ਬਣਾ ਲੈਂਦਾ, ਤਾਂ ਕੀ ਅਜੇਹੀ ਸਥਿਤੀ ਵਿਚ ਅਸੀਂ ਗੁਰੂ ਸਾਹਿਬ ਦੀ ਸ਼ਹੀਦੀ ਦੇ ਵਾਸਤਵਿਕ ਸੱਚ ਤੱਕ ਪਹੁੰਚਣ ਦਾ ਦਾਅਵਾ ਕਰ ਸਕਦੇ ਸੀ?"

"ਦੋ ਗੱਲਾਂ ਨੂੰ ਧਿਆਨ ਵਿਚ ਰੱਖਦੇ ਹੋਏ ਇਸ ਸੁਆਲ ਦਾ ਜੁਆਬ ਵੀ ਆਪ ਹੀ ਦਿਓ।" ਮੈਂ ਕਿਹਾ, "ਪਹਿਲੀ ਗੱਲ ਤਾ ਇਹ ਕਿ ਕੀ ਫਿਲਮ ਮੇਕਿੰਗ ਵੀ ਕਥਾਕਾਰੀ ਅਤੇ ਚਿਤਰਕਾਰੀ ਵਾਂਗ ਡਿਸਕਰਸਿਵ/ ਟੈਕਸਚੂਅਲ ਪ੍ਰੈਕਟਿਸ ਜਾਂ ਕੰਸਟ੍ਰਕਸ਼ਨ ਨਹੀਂ ਹੈ? ਦੂਸਰੀ ਗੱਲ ਕਿ ਇਸ ਟੈਕਸਟ ਦਾ ਨਿਰਮਾਣ ਕਿਸ ਨੇ ਕੀਤਾ- ਸਟੇਟ ਨੇ, ਗੁਰੂ ਘਰ ਨੇ, ਜਾਂ ਫੇਰ ਕਿ ਕਿਸੇ ਤੀਸਰੀ ਧਿਰ ਨੇ?"

" ਭਾਅ ਜੀ ਦੀ ਗੱਲ ਠੀਕ ਆ।" ਜ਼ਫਰ ਨੇ ਸਵੀ ਨੂੰ ਸੰਬੋਧਿਤ ਹੁੰਦਿਆਂ ਕਿਹਾ, "ਅੱਜ ਸਾਡੇ ਕੋਲ ਇਹ ਸਾਰੀਆਂ ਸਹੂਲਤਾਂ ਉਪਲਭਦ ਹਨ। ਦਿੱਲੀ ਦੇ ਦੰਗਿਆਂ, ਗੁਜਰਾਤ ਦੇ ਦੰਗਿਆਂ ਅਤੇ ਅਮਰੀਕਾ ਦੇ ਟਰੇਡ ਸੈਂਟਰ ਉਪਰ ਹੋਏ ਹਮਲੇ ਦੀ ਬਹੁਤ ਸਾਰੇ ਲੋਕਾਂ ਨੇ ਰੀਕਾਰਡਿੰਗ ਵੀ ਕੀਤੀ ਅਨੇਕਾਂ ਚਸ਼ਮਦੀਦ ਗਵਾਹਾਂ ਨੇ ਅੱਖੀਂ ਦੇਖਿਆ ਹਾਲ ਬਿਆਨ ਕੀਤਾ।ਤਸਵੀਰਾਂ ਵੀ ਖਿੱਚੀਆਂ।ਪਰ ਕੀ ਇਹ ਦਾਅਵਾ ਕਰ ਸਕਦੇ ਹਾਂ ਕਿ ਇਹਨਾ ਮੀਡੀਆ ਟੈਕਸਟਸ ਰਾਹੀਂ ਅਸੀਂ ਇਹਨਾ ਘਟਨਾਵਾਂ ਦੇ ਵਾਸਤਵਿਕ ਸੱਚ ਤੱਕ ਪਹੁੰਚ ਸਕਦੇ ਹਾਂ? ਨਹੀਂ ਨਾ?"

"ਸਾਨੂੰ ਇਹ ਮੰਨਣਾ ਹੀ ਪਵੇਗਾ ਕਿ ਗੁਰੂ ਸਾਹਿਬ ਦੀ ਸਹੀਦੀ ਅਤੇ ਦਿੱਲੀ/ ਗੁਜਰਾਤ ਦੇ ਦੰਗੇ ਉਹ ਡੂੰਘੇ ਘਾਉ ਹਨ ਜਿਹਨਾ ਤੇ ਅਸੀਂ ਆਪਣੀ ਕਥਾਕਾਰੀ, ਚਿਤਰਕਾਰੀ, ਫਿਲਮਕਾਰੀ ਆਦਿ ਰਾਹੀਂ ਸਿਆਸਤ ਕਰਦੇ ਹਾਂ।" ਸਵੀ ਦੀ ਇਸ ਗੱਲ ਵਿਚ ਆਏ ਸਿਆਸਤ ਸ਼ਬਦ ਤੇ ਜਦੋਂ ਕਿੰਤੂ ਕਰਨ ਦੀ ਕੋਸ਼ਿਸ਼ ਕੀਤੀ ਤਾਂ ਸਵੀ ਝੱਟ ਬੋਲਿਆ' "ਸਿਅਸਿਤ ਸਬਦ ਨੂੰ ਕਿਸੇ ਮਾੜੀ ਭਾਵਨਾ ਨਾਲ ਦੇਖਣ ਦੀ ਲੋੜ ਨਹੀਂ। ..ਜਦੋਂ ਅਸੀਂ ਗੁਰੂ ਸਾਹਿਬ ਦੀ ਸਹੀਦੀ ਨੂੰ ਆਪਣੀਆਂ ਲਿਖਤਾਂ, ਚਿਤਰਾਂ, ਫਿਲਮਾਂ ਆਦਿ ਰਾਹੀਂ ਯਾਦ ਕਰਦੇ ਹਾਂ, ਤਾਂ ਅਜੇਹਾ ਕਰਦੇ ਸਮੇਂ ਸਿਖ ਕੌਮ ਇਸ ਸਾਂਝੇ ਕੌਮੀ ਘਾਉ ਦੇ ਐਕਸਪੀਰੀਐਂਸ ਰਾਹੀਂ ਜੋ ਆਪਣੀ ਕੌਮੀ ਪਹਿਚਾਣ ਸਥਾਪਤ ਕਰ ਰਹੀ ਹੁੰਦੀ ਹੈ, ਉਹ ਇਕ ਜ਼ਬਰਦਸਤ ਸਿਆਸੀ ਅਮਲ ਹੈ- ਸਮੂਹਿਕ/ ਕੌਮੀ ਸਿਖ ਪਹਿਣਾਣ ਦੀ ਸਥਾਪਨਾ। ਹਰ ਟਰੌਮੈਟਿਕ ਐਕਸਪੀਰੀਐਂਸ ਨੂੰ ਇਸੇ ਤਰ੍ਹਾਂ ਦੇਖਿਆ ਜਾ ਸਕਦਾ ਹੈ।"

"ਸਵੀ ਨੇ ਦੋ ਬਹੁਤ ਹੀ ਮਹੱਤਵਪੂਰਨ ਗੱਲਾਂ ਕੀਤੀਆਂ ਹਨ।" ਮੈਂ ਗੱਲ ਨੂੰ ਅੱਗੇ ਤੋਰਨਾ ਚਾਹਿਆ, "ਗੁਰਸਾਹਿਬ ਦੀ ਸਹੀਦੀ ਨਾਲ ਸਬੰਧਤ ਤਮਾਮ ਕਥਾ ਕਹਾਣੀਆਂ, ਇਤਿਹਾਸਕ ਦਸਤਾਵੇਜ਼, ਖੋਜ ਪ੍ਰਾਜੈਕਟ, ਫਿਲਮਾਂ, ਟੈਲਵਿਯਨ ਪ੍ਰੋਗਰਾਮ, ਚਿਤਰਕਾਰੀ, ਛਬੀਲਾਂ, ਕਾਨਫਰੰਸਾਂ ਆਦਿ ਉਹ ਟੈਕਸਟਸ ਹਨ ਜਿਹਨਾ ਰਾਹੀਂ ਅਸੀਂ ਗੁਰੂ ਸਾਹਿਬ ਦੀ ਸ਼ਹੀਦੀ ਦੇ ਸੱਚ ਤੱਕ ਨਹੀਂ ਪਹੁੰਚਦੇ, ਉਹਨਾ ਦੀ ਸ਼ਹੀਦੀ ਨੂੰ ਯਾਦ ਕਰਦੇ ਹਾਂ।...ਦੂਸਰੀ ਗੱਲ ਇਹ ਕਿ ਯਾਦ ਰੱਖਣ ਜਾਂ ਯਾਦ ਕਰਨ ਦੀ ਇਹ ਟੈਕਸਚੂਅਲ ਵਿਧਾ ਸਿਆਸੀ ਅਮਲ ਹੈ। ਦੋਨੋ ਰਲ ਕੇ ' ਪਾਲੇਟਿਕਸ ਆਫ਼ ਮੈਮਰੀ ' (ਯਾਦ ਦੀ ਸਿਆਸਤ) ਦੀ ਧਾਰਨਾ ਨੂੰ ਅਗਰਭੂਮੀ ਤੇ ਲੈ ਆਉਂਦੀਆਂ ਹਨ।"

"ਭਾਅ ਜੀ, ਆਪਾਂ ਕਰਨਾਲ ਪਹੁੰਚ ਗਏ ਆਂ। ਖਾਣਾ ਖਾ ਲਈਏ।" ਇਹ ਆਖ ਕੇ ਜ਼ਫਰ ਨੇ ਕਾਰ ਢਾਬੇ ਵੱਲ ਮੋੜ ਲਈ।

"ਅੱਜ ਦੀ ਗੱਲਬਾਤ ਤੋਂ ਬਾਅਦ ਹੁਣ ਹੈਰਾਨੀ ਹੁੰਦੀ ਆ ਕਿ ਕਿਵੇਂ ਅਸੀਂ ਇੱਕ ਇਤਿਹਾਸਕ ਘਟਨਾ ਦੀ ਟੈਕਸਚੂਅਲ ਯਾਦ ਨੂੰ ਹੀ ਵਾਸਤਵਿਕ ਸੱਚਾਈ ਮੰਨਦੇ ਰਹੇ ਹਾਂ । ਅਸੀਂ ਅਜੇਹਾ ਕਿਉਂ ਕਰਦੇ ਰਹੇ?ਕੋਈ ਕਥਾ ਕਹਾਣੀ ਲਿਖਕੇ ਜਾਂ ਚਿਤਰ ਬਣਾ ਕੇ ਅਸੀਂ ਵਾਸਤਵਿਕ ਸੱਚਾਈ ਪੇਸ਼ ਕਰਨ ਦਾ ਦਾਅਵਾ ਕਰਨ ਲੱਗ ਪੈਂਦੇ ਹਾਂ ਜਦੋਂ ਕਿ ਹਕੀਕਤ ਵਿਚ ਤਾਂ ਉਹ ਰਚਨਾ ਸ਼ਬਦਾਂ ਜਾਂ ਰੰਗਾਂ ਦੀ ਇਕ ਖੇਡ ਹੀ ਹੁੰਦੀ ਹੈ। ਸ਼ਬਦਾਂ ਜਾਂ ਰੰਗਾਂ ਦੀ ਇਕ ਅਜੇਹੀ ਕਹਾਣੀ ਜੋ ਵਾਸਤਵਿਕਤਾ, ਸੱਚਾਈ ਅਤੇ ਯਥਾਰਥ ਦਾ ਪ੍ਰਭਾਵ ਪੈਦਾ ਕਰਨ ਦੀ ਕੋਸ਼ਿਸ਼ ਕਰਦੀ ਹੈ।" ਖਾਣਾ ਖਾਣ ਉਪਰੰਤ ਕਾਰ ਵਿਚ ਬਾਪਿਸ ਬੈਠਦਿਆਂ ਹੀ ਸਵੀ ਨੇ ਯਥਾਰਥਵਾਦ ਦੀ ਧਾਰਨਾ ਤੇ ਹਮਲਾ ਸ਼ੁਰੂ ਕੀਤਾ, ਜਿਸਨੂੰ ਜ਼ਫਰ ਯਥਾਰਥਵਾਦੀ ਸਾਹਿਤ/ ਕਲਾ ਅਤੇ ਬਾਹਰਮੁਖੀ ਇਤਿਹਾਸ ਤੋਂ ਵੀ ਪਾਰ ਪ੍ਰਤੱਖਵਾਦੀ ਵਿਗਿਆਨ ਤੱਕ ਲੈ ਗਿਆ।

ਜਿੱਥੇ ਸਵੀ ਸਾਹਿਤ ਅਤੇ ਕਲਾ ਦੇ ਖੇਤਰ ਵਿਚ ਟੈਕਸਚੂਅਲ ਨਿਰਮਾਣਕਾਰੀ ਦੀ ਗੱਲ ਕਰ ਰਿਹਾ ਸੀ, ਓਥੇ ਜ਼ਫਰ ਨੇ ਪਰਤੱਖਵਾਦੀ ਵਿਗਿਆਨ ਦੀ ਅਜੇਹੀ ਟੈਕਸਚੂਅਲ ਨਿਰਮਾਣਕਾਰੀ ਦੀ ਨਸਲਵਾਦ ਦੇ ਹੱਕ ਵਿਚ ਭੁਗਤਣ ਦੀ ਕਹਾਣੀ ਪੇਸ਼ ਕਰ ਦਿੱਤੀ । ਜ਼ਫਰ ਦੱਸ ਰਿਹਾ ਸੀ ਕਿ ਨਸਲੀ ਅਤੇ ਲਿੰਗੀ ਪੱਖਪਾਤ /ਦਮਨ ਨੂੰ ਜਾਇਜ਼ ਠਹਿਰਾਉਣ ਲਈ ਆਧੁਨਿਕ ਵਿਗਿਆਨ ਨੇ ਨਸਲੀ ਅਤੇ ਲਿੰਗੀ ਪੱਖਪਾਤ ਨੂੰ ਕਿਵੇਂ ਕੁਦਰਤੀ ਜੈਵਿਕ ਅੰਤਰ ਬਣਾ ਕੇ ਪੇਸ਼ ਕੀਤਾ।

"ਗੋਰੀ ਨਸਲ ਵਾਲੇ ਲੋਕਾਂ ਨੂੰ ਦਿਮਾਗੀ ਸ਼ਕਤੀ ਨਾਲ ਅਤੇ ਕਾਲੀ ਨਸਲ ਵਾਲੇ ਲੋਕਾਂ ਨੂੰ ਜਿਸਮਾਨੀ ਸਕਤੀ ਨਾਲ ਜੋੜ ਕੇ ਅਤੇ ਜਾਂ ਫੇਰ ਮਰਦ ਨੂੰ ਸਿਰਜਣਾਤਮਕਤਾ ਅਤੇ ਕੰਟਰੋਲ ਨਾਲ 'ਤੇ ਔਰਤ ਨੂੰ ਜਣਨ ਕ੍ਰਿਆ, ਆਗਿਆਕਾਰੀ ਅਤੇ ਮੰਮਤਾ ਨਾਲ ਜੋੜ ਕੇ ਪ੍ਰਤੱਖਵਾਦੀ ਵਿਗਿਆਨ ਨੇ ਕਾਲੀ ਚਮੜੀ ਵਾਲੇ ਲੋਕਾਂ ਅਤੇ ਔਰਤ ਜਾਤ ਵਿਰੁਧ ਦਮਨਕਾਰੀ ਨੂੰ ਜੋ ਸਵੀਕ੍ਰਿਤੀ ਦਿੱਤੀ, ਉਸ ਨੂੰ ਵਿਸਥਾਪਿਤ ਕਰਨਾ ਜ਼ਰੂਰੀ ਹੈ।"

"ਵਿਗਿਆਨ ਹੀ ਕਿਉਂ, ਵਿਗਿਆਨ ਨਾਲੋਂ ਵੀ ਵੱਧ ਸੰਸਕ੍ਰਿਤਕ, ਰਾਜਨੀਤਕ, ਸਮਾਜਕ, ਆਰਥਕ ਆਦਿ ਹਰ ਕਿਸਮ ਦੀ ਸਥਾਪਨਾ ਅੱਗੇ ਪ੍ਰਸਨ ਚਿੰਨ ਲਗਾਉਣ ਦੀ ਆਵੱਸ਼ਕਤਾ ਹੈ।" ਸਵੀ ਨੇ ਜ਼ਫਰ ਦੀ ਗੱਲ ਅੱਗੇ ਵਦਾਉਂਦੇ ਹੋਏ ਨਿਚੋੜ ਕੱਢਿਆ, " ਜੋ ਵੀ ਸਹਿਜ ਅਤੇ ਕੁਦਰਤੀ ਜਾਪਦਾ ਹੈ, ਉਸ ਨੂੰ ਵਿਸਥਾਪਿਤ ਕਰਨ ਦੀ ਲੋੜ ਹੈ।ਉਸ ਦੀ ਸਥਾਪਨਾ ਪਿਛੇ ਕੰਮ ਕਰ ਰਹੀ ਸਿਆਸਤ ਨੂੰ ਪੜ੍ਹਨ ਦੀ ਲੋੜ ਹੈ।"

"ਕਿਉਂਕਿ ਇਤਿਹਾਸ ਹਮੇਸ਼ਾ ਜੇਤੂ ਧਿਰ ਹੀ ਲਿਖਦੀ ਹੈ, ਸਾਰੀਆਂ ਇਤਿਹਾਸਕ ਸਥਾਪਨਾਵਾਂ ਜੇਤੂ ਧਿਰ ਦੀਆਂ ਸਥਾਪਨਾਵਾਂ ਹੀ ਹੁੰਦੀਆਂ ਹਨ, ਇਸ ਲਈ ਜੇਤੂ ਧਿਰ ਦੇ ਇਤਿਹਾਸ ਓਤੇ ਉਸਦੀਆਂ ਸਥਾਪਨਾਵਾਂ ਨੂੰ ਨਵੇਂ ਸਿਰੇ ਤੋਂ ਪੜ੍ਹਨ ਦੀ ਅਤੇ ਵਿਸਥਾਪਿਤ ਕਰਨ ਦੀ ਲੋੜ ਹੈ, ਸਵੀ ਨੇ ਇਹ ਗੱਲ ਬਿਲਕੁਲ ਠੀਕ ਕਹੀ ਹੈ। ...ਜਿਹੜੇ ਲੋਕਾਂ ਦੀ ਯਾਦ ਨੂੰ ਇਹ ਦਫਤਰੀ ਇਤਿਹਾਸ ਮਿਟਾਉਣ ਦੀ ਕੋਸ਼ਿਸ਼ ਕਰਦਾ ਹੈ, ਉਹਨਾ ਦੀ ਸਥਾਨਕ ਯਾਦ ਹੀ ਦਫਤਰੀ ਇਤਿਹਾਸ ਦੁਆਰਾ ਸਥਾਪਤ ਪੈਤ੍ਰਿਕਤਾ, ਬੁਰਜੂਆ ਉਦਾਰਵਾਦ, ਨਸਲਵਾਦ ਆਦਿ ਪਰਮ ਬਿਰਤਾਂਤਾਂ ਨੂੰ ਵਿਸਥਾਪਿਤ ਕਰਨ ਦੀ ਯੋਗਤਾ ਅਤੇ ਪ੍ਰਤੀਬੱਧਤਾ ਰੱਖਦੀ ਹੈ। ..ਇਹ ਸਾਡੀ ਆਪਣੇ ਆਪ ਨੂੰ ਭੁੱਲਣ ਦੀ ਪ੍ਰਵਿਰਤੀ ਵਿਰੁਧ ਸਾਡੀ ਯਾਦ ਦਾ ਸੰਘਰਸ਼ ਹੈ। ਪਰ ਧਿਆਨ ਦੇਣ ਦੀ ਲੋੜ ਹੈ ਕਿ ਇਹ ਸਥਾਨਕ ਯਾਦ ਖੁਦ ਵੀ ਤਾਂ ਇਕ ਟੈਕਸਚੂਅਲ ਸਥਾਪਨਾ ਹੀ ਹੁੰਦੀ ਹੈ। ਇਸ ਨੂੰ ਵੀ ਤਾਂ ਵਿਸਥਾਪਿਤ ਕੀਤੇ ਜਾਣ ਦੀ ਲੋੜ ਹੋਵੇਗੀ।" ਪਤਾ ਨਹੀਂ ਮੇਰੇ ਬੋਰ ਭਾਸ਼ਣ ਕਰਕੇ ਜਾਂ ਥਕਾਵਟ ਕਰਕੇ ਮਹੌਲ ਵਿਚ ਇਕ ਸੁਸਤੀ ਜੇਹੀ ਫੈਲ ਗਈ। ਚੁਪ ਜੇਹੀ ਛਾ ਗਈ।

ਇਸ ਗੱਲ ਤੋਂ ਡਰਦਿਆਂ ਕਿ ਸਵੀ ਨੂੰ ਕਿਤੇ ਨੀਂਦ ਹੀ ਨਾ ਆ ਜਾਵੇ, ਥੋੜ੍ਹੀ ਚੁਪ ਬਾਅਦ ਜਦੋਂ ਮੈਂ ਸਵੀ ਨੂੰ ਅਚਾਨਕ ਪੁਛਿਆ ਕਿ ਉਹ ਕੀ ਸੋਚ ਰਿਹਾ ਸੀ, ਉਹ ਤਾਂ ਜਿਵੇਂ ਕਿ ਆਪਣੀ ਗੱਲ ਕਹਿਣ ਲਈ ਪਹਿਲਾਂ ਹੀ ਭਰਿਆ ਪਿਆ ਹੋਵੇ, ਝੱਟ ਬੋਲਿਆ,

"ਭਾਅ ਜੀ, ਜਦੋਂ ਮੈਂ ਆਪਣੇ ਬਾਰੇ ਸੋਚਦਾ ਹਾਂ, ਤਾਂ ਇਹ ਜਾਣਦੇ ਹੋਏ ਵੀ ਕਿ ਮੈਂ ਜੋ ਕੱਲ ਸੀ ਅੱਜ ਉਹ ਨਹੀਂ ਹਾਂ, ਫੇਰ ਵੀ ਆਪਣੀ ਬੀਤ ਚੁਕੀ ਮੈਂ ਨਾਲ ਇਕ ਲਗਾਤਾਰਤਾ ਜ਼ਰੂਰ ਮਹਿਸੂਸ ਕਰਦਾ ਹਾਂ, ਉਸ ਲਗਾਤਾਰਤਾ ਬਾਰੇ ਸੋਚ ਰਿਹਾ ਸੀ, ਕਿ ਇਹ ਕੀ ਹੈ? ਇਹ ਮੇਰੇ ਅੰਦਰ ਕਿਸ ਰੂਪ ਵਿਚ ਮੌਜੂਦ ਰਹਿੰਦੀ ਹੈ? ਮੈਂ ਇਹ ਗੱਲ ਇਸ ਲਈ ਜ਼ੋਰ ਦੇ ਕੇ ਆਖ ਰਿਹਾ ਹਾਂ ਕਿਉਂਕਿ ਇਹ ਕੇਵਲ ਅਰਥਾਂ ਦੀ ਹੀ ਟਰਾਂਸਫਰ ਨਹੀਂ , ਮੌਜੂਦਗੀ (ਪਰੈਜ਼ੈਂਸ) ਦੀ ਵੀ ਟਰਾਂਸਫਰ ਹੈ। ਹੋਂਦ (ਪਰੈਜ਼ੈਂਸ) ਕਹਾਣੀਆਂ ਦੇ ਕਹਾਣੀਪਣ ਵਿਚ ਨਹੀਂ ਵਸਦੀ, ਸਗੋਂ ਹੋਂਦ ਤਾਂ ਉਹ ਹੈ ਜਿਸਨੂੰ ਅਸੀਂ ਕਹਾਣੀਆਂ ਦੇ ਰੂਪ ਵਿੱਚ ਵਾਰ ਵਾਰ ਇੰਟਰਪਰੈਟ ਕਰਦੇ ਹਾਂ।"

"ਇਹ ਤਾਂ ਇੰਟਰਪਰੈਟੇਸ਼ਨ ਤੋਂ ਚੀਜ਼ਾਂ ਵੱਲ ਵਾਪਸੀ ਹੈ ਜਿਸਨੂੰ ਦੈਰਿਦਾ ਨੇ 'ਮੈਟਾਫਿਜ਼ਕਸ ਆਫ ਦ ਪਰੈਜ਼ੈਂਸ' ਕਿਹਾ ਹੈ, ਕੀ ਇਹ ਸਾਡੀ ਉਸੇ ਵੱਲ ਵਾਪਸੀ ਤਾ ਨਹੀਂ?" ਜ਼ਫਰ ਨੇ ਤੁਰੰਤ ਇਹ ਸੁਆਲ ਖੜ੍ਹਾ ਕਰ ਦਿੱਤਾ।

"ਕੋਈ ਜ਼ਰੂਰੀ ਨਹੀਂ। " ਮੇਰਾ ਜੁਆਬ ਸੀ।

" ਕੀ ਸਵੀ ਇਹ ਨਹੀਂ ਆਖ ਰਿਹਾ ਕਿ ਉਸਦਾ ਸਵੈ ਇਕ ਵਿਅਕਤੀਗਤ ਹੋਂਦ ਦੇ ਤੌਰ ਤੇ ਅਤੀਤ ਤੋਂ ਵਰਤਮਾਨ ਵੱਲ ਸਫਰ ਕਰਦਾ ਹੈ।ਕੀ ਇਹ ਟੈਕਸਟ ਤੋਂ ਵਤਸਤਵਿਕਤਾ ਵੱਲ ਵਪਸੀ ਨਹੀਂ?" ਜ਼ਫਰ ਪੁਛ ਰਿਹਾ ਸੀ।

" ਬਿਲਕੁਲ ਨਹੀ। ਮੈਂ ਤਾਂ ਗੱਲਬਾਤ ਦੇ ਸ਼ੁਰੂ ਵਿਚ ਹੀ ਕਿਹਾ ਸੀ ਕਿ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਦੀ ਵਾਸਤਵਿਕ ਸੱਚਾਈ ਤੋਂ ਮੁਨਕਰ ਨਹੀਂ ਹੋਇਆ ਜਾ ਸਕਦਾ।" ਮੇਰੀ ਇਸ ਗੱਲ ਨੇ ਜ਼ਫਰ ਨੂੰ ਆਪਣਾ ਸੁਆਲ ਹੋਰ ਵੀ ਵਧੇਰੇ ਸਪਸ਼ਟ ਰੂਪ ਵਿਚ ਪੇਸ਼ ਕਰਨ ਦਾ ਮੌਕਾ ਦੇ ਦਿੱਤਾ, " ਹੁਣ ਤਾਂ ਸੁਆਲ ਬਹੁਤ ਹੀ ਸਪਸ਼ਟ ਹੋ ਗਿਆ। ਤੁਸੀਂ ਫੇਰ ਇਹ ਦੱਸੋ ਕਿ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਦੀ ਵਾਸਤਵਿਕ ਸੱਚਾਈ ਅਤੀਤ ਤੋਂ ਵਰਤਮਾਨ ਤੱਕ ਕਿਵੇਂ ਸਫਰ ਕਰਦੀ ਹੈ?"

" ਤੇਰੇ ਸੁਆਲ ਵਿਚ ਜੇਕਰ ਸਵੀ ਦਾ ਸੁਆਲ ਸ਼ਾਮਲ ਕਰ ਲਈਏ ਤਾਂ ਜੁਆਬ ਸੌਖਾ ਲੱਭ ਪਵੇਗਾ। ਤੇਰਾ ਸੁਆਲ ਹੈ ਕਿ ਗੁਰੂ ਸਾਹਿਬ ਦੀ ਸ਼ਹੀਦੀ ਦਾ ਵਾਸਤਿਵ ਸੱਚ ਅਤੀਤ ਤੋਂ ਵਰਤਮਾਨ ਤੱਕ ਕਿਵੇਂ ਸਫਰ ਕਰਦਾ ਹੈ। ਦੂਸਰੇ ਪਾਸੇ ਸਵੀ ਪੁਛਣਾ ਚਾਹੁੰਦਾ ਹੈ ਕਿ ਇਹ ਵਾਸਤਵਿਕ ਸੱਚ ਇੱਕ ਇੰਟਰਪਰੈਟੇਸ਼ਨ ਤੋਂ ਦੂਸਰੀ ਇੰਟਰਪਰੈਟੇਸ਼ਨ ਤੱਕ ਕਿਵੇਂ ਪਹੁੰਚਦਾ ਹੈ?

... ਵਾਸਤਵਿਕ ਸੱਚ ਦੀ ਪਰੈਜ਼ੈਂਸ ਇਸਦੀਆਂ ਇੰਟਰਪਰੈਟੇਸ਼ਨਜ਼ ਦੇ ਬਾਹਰੋ ਦੀ ਨਹੀਂ, ਸਗੋਂ ਇਹਨਾ ਦੇ ਅੰਦਰੋਂ ਦੀ ਸਫਰ ਕਰਦੀ ਹੈ। ਇਹ ਸੱਚ ਅਤੀਤ ਵਿਚ ਆਪਣੇ ਉਦਭਵ ਤੋਂ ਲੈ ਕੇ ਵਰਤਮਾਨ ਵਿਚ ਹੁਣ ਤੱਕ ਆਪਣੇ ਵੱਖ ਵੱਖ ਰੂਪਾਂ (ਇੰਟਰਪਰੈਟੇਸ਼ਨਜ਼) ਵਿਚ ਸਫਰ ਕਰਦਾ ਹੈ। ...ਪਰ ਇਹ ਪਰੈਜ਼ੈਂਸ (ਸੱਚ) ਇੱਕ ਆਜ਼ਾਦ ਯਾਤਰੂ ਵਾਂਗ ਸਫਰ ਨਹੀਂ ਕਰਦੀ, ਸਗੋਂ ਵੱਖ ਵੱਖ ਇੰਟਰਪਰੈਟੇਸ਼ਨਜ਼ ਵਿਚ ਬਿਨਾ ਦਿਖਾਈ ਦਿੱਤਿਆਂ ਲੁਕ ਛਿਪ ਕੇ ਇਕ ਅਨਇਛਤ ਜੇਹੇ ਢੰਗ ਨਾਲ ਤੁਰੀ ਰਹਿੰਦੀ ਹੈ।"

ਮੇਰਾ ਜੁਆਬ ਜ਼ਫਰ ਨੂੰ ਪੂਰੀ ਤਰ੍ਹਾਂ ਸੰਤੁਸ਼ਟ ਨਹੀਂ ਕਰ ਸਕਿਆ ਕਿਉਂਕਿ ਉਸਦਾ ਇਹ ਸੁਆਲ ਹਾਲੇ ਬਾਕੀ ਸੀ, " ਇਹ ਤਾਂ ਮੰਨਣ ਵਾਲੀ ਗੱਲ ਹੈ ਕਿ ਵਾਸਤਵਿਕ ਸੱਚਾਈ ਟੈਕਸਟ ਦੇ ਬਾਹਰੋਂ ਦੀ ਨਹੀਂ ਸਗੋਂ ਇਸ ਦੇ ਅੰਦਰੋਂ ਦੀ ਹੀ ਸਫਰ ਕਰਦੀ ਹੈ। ..ਹਰ ਕੋਈ ਜਾਣਦਾ ਹੈ ਕਿ ਇਹ ਸੱਚਾਈ ਟੈਕਸਟ ਦੇ ਵਿੱਚੋਂ ਦੀ ਅਰਥਾਂ ਦੇ ਰੂਪ ਵਿਚ ਸਫਰ ਕਰਦੀ ਹੈ। ਪਰ ਤੁਸੀਂ ਕਹਿੰਦੇ ਹੋ ਕਿ ਇਹ ਅਰਥਾਂ ਦੇ ਨਾਲ ਨਾਲ ਪਰੈਜ਼ੈਂਸ ਦੇ ਰੂਪ ਵਿਚ ਵੀ ਲੁਕ ਛਿਪ ਕੇ ਤੁਰੀ ਰਹਿੰਦੀ ਹੈ।

..ਆਪਣਾ ਸੁਆਲ ਪੇਸ਼ ਕਰਨ ਤੋਂ ਪਹਿਲਾਂ ਮੈਂ ਇਹ ਵੀ ਰਿਕਾਰਡ ਤੇ ਲਿਆਉਣਾ ਚਾਹੁੰਦਾ ਹਾਂ ਕਿ ਇਸ ਸੰਦਰਭ ਵਿਚ ਦੁਨੀਆ ਦੋ ਕਿਸਮ ਦੇ ਵਿਦਵਾਨਾਂ ਵਿਚ ਵੰਡੀ ਹੋਈ ਹੈ।ਇੱਕ ਵਿਦਵਾਨ ਉਹ ਹਨ ਜੋ ਇਹ ਵਿਸ਼ਵਾਸ਼ ਕਰਦੇ ਹਨ ਕਿ ਸੱਚਾਈ ਅਰਥਾਂ ਦੇ ਰੂਪ ਵਿਚ ਹੀ ਸਫਰ ਕਰਦੀ ਹੈ। ਇਸ ਲਈ ਇਹ ਵਿਦਵਾਨ ਵਾਸਤਵਿਕਤਾ ਪ੍ਰਤੀ ਪੂਰੀ ਤਰ੍ਹਾਂ ਬੇਪ੍ਰਵਾਹ ਰਹਿੰਦੇ ਹਨ। ਵਾਸਤਵਿਕਤਾ ਨੂੰ ਤਾਂ ਇਕ ਤਰ੍ਹਾਂ ਨਾਲ ਰੱਦ ਹੀ ਕਰਦੇ ਹਨ। ਪਰ ਇਸਦੇ ਉਲਟ ਦੂਸਰੇ ਪਾਸੇ ਉਹਨਾ ਲੋਕਾਂ ਦੀ ਗਿਣਤੀ ਵੀ ਕੋਈ ਘੱਟ ਨਹੀਂ ਜੋ ਸੱਚਾਈ ਦੀ ਵਾਸਤਵਿਕ ਹੋਂਦ ਵਿਚ ਦ੍ਰਿੜ ਵਿਸ਼ਵਾਸ਼ ਕਰਦੇ ਹਨ। ਜੋ ਇਹ ਵਿਸ਼ਵਾਸ਼ ਕਰਦੇ ਹਨ ਕਿ ਭਾਸ਼ਾ ਤਾਂ ਕੇਵਲ ਸੱਚ (ਹੋਂਦ) ਦਾ ਵਾਹਨ ਮਾਤਰ ਹੀ ਹੈ।

ਪਰ, ਜਿਵੇਂ ਕਿ ਆਪਾਂ ਉਪਰ ਗੱਲ ਕਰ ਆਏ ਹਾਂ, ਤੁਸੀਂ ਹੁਣ ਇਹ ਆਖ ਦਿੱਤਾ ਕਿ ਸੱਚਾਈ ਅਰਥਾਂ ਦੇ ਨਾਲ ਨਾਲ ਪਰੈਜ਼ੈਂਸ ਦੇ ਰੂਪ ਵਿਚ ਵੀ ਟੈਕਸਚੂਅਲ ਸਫਰ ਕਰਦੀ ਹੈ।

ਕੀ ਤੁਸੀਂ ਹੁਣ ਇਹ ਸਮਝਾਉਗੇ ਕਿ ਅਰਥ ਅਤੇ ਪਰੈਜ਼ੈਂਸ ਇੱਕੋ ਟੈਕਸਟ ਜਾਂ ਫਿਕਰੇ ਅੰਦਰ ਉਸੇ ਵਕਤ ਸਮਾਨਅੰਤਰ ਰੂਪ ਵਿਚ ਕਿਵੇਂ ਸਫਰ ਕਰਦੇ ਹਨ?

ਮੇਰਾ ਤਾਂ ਘਰ ਵੀ ਆ ਗਿਆ। ਪਰ ਮੈਂ ਤੁਹਾਨੂੰ ਆਪਣੇ ਇਸ ਸੁਆਲ ਦਾ ਜੁਆਬ ਦਿੱਤੇ ਬਿਨਾ ਨਹੀਂ ਜਾਣ ਦੇਣਾ । ਇਸ ਲਈ ਬੈਠਦੇ ਆਂ। ਚਾਹ ਪੀਨੇ ਆਂ।"

"ਰੁਕਣ ਦੀ ਜਾਂ ਚਾਹ ਪੀਣ ਦੀ ਲੋੜ ਨਹੀਂ। ਐਵੇਂ ਬਿਨਾ ਮਤਲਬ  ਘਰ ਦਿਆਂ ਨੂੰ ਤੰਗ ਕਰਾਂਗੇ। ਤੈਨੂੰ ਆਪਣੇ ਸੁਆਲ ਦਾ ਜੁਆਬ ਤਾਂ ਇਸ ਇੱਕੋ ਫਿਕਰੇ ਵਿਚ ਮਿਲ ਜਾਵੇਗਾ ਕਿ ਕਿਸੇ ਵੀ ਟੈਕਸਟ  ਜਾਂ ਫਿਕਰੇ ਵਿਚ ਅਰਥ ਹਮੇਸ਼ਾ ਹੀ ਮੈਟਾਫਰ ਰਾਹੀਂ ਸਫਰ ਕਰਦੇ ਹਨ ਅਤੇ ਪਰੈਜ਼ੈਂਸ ਮੈਟਾਨਮੀ ਰਾਹੀਂ। ਹੁਣ ਘਰ ਜਾ ਕੇ ਬਲਬੀਰ ਨੂੰ ਕਹੀਂ ਕਿ ਉਹ ਤੈਨੂੰ ਚਾਹ ਬਣਾ ਕੇ ਦੇਵੇਗੀ।ਨਾਲੇ ਚਾਹ ਪੀਵੀਂ ਤੇ ਨਾਲੇ ਇੰਟਰਨੈੱਟ ਤੇ ਮੈਟਾਨਮੀ ਬਾਰੇ ਡੀਟੇਲ ਵਿਚ ਪੜ੍ਹ ਵੀ ਲਈਂ।" ਇਸ ਤਰ੍ਹਾਂ ਅਸੀਂ  ਜ਼ਫਰ ਨੂੰ ਉਸਦੇ ਘਰ ਉਤਾਰ ਕੇ ਸਵੀ ਦੇ ਘਰ ਵੱਲ ਚੱਲ ਪਏ।

" ਭਾਅ ਜੀ ਇਸਦਾ ਮਤਲਬ ਗੁਰੂ ਸਾਹਿਬ ਦੀ ਸ਼ਹੀਦੀ, ਸੰਤਾਲੀ ਦੀ ਵੰਡ, ਦਿੱਲੀ/ ਗੁਜਰਾਤ ਦੇ ਦੰਗਿਆਂ ਆਦਿ ਦੀ ਸੱਚਾਈ ਮੈਟਾਨਿਮਕ ਰੂਪ ਵਿਚ ਮੈਟਾਫੌਰਿਕ ਇੰਟਰਪਰੈਟੇਸ਼ਨਜ਼ ਰਾਹੀਂ ਟੈਕਸਚੂਓਲ ਸਫਰ ਤਹਿ ਕਰਦੀ ਰਹਿੰਦੀ ਹੈ।" ਸਵੀ ਗੱਲ ਨੂੰ ਬੰਦ ਕਰਨ ਦੇ ਮੂਡ ਵਿਚ ਨਹੀਂ ਸੀ, ਇਸ ਲਈ ਉਤਰਨ ਤੋਂ ਪਹਿਲਾਂ ਉਹ ਇਹ ਗੱਲ ਜ਼ੋਰ ਦੇ ਕੇ ਆਖ ਰਿਹਾ ਸੀ ਕਿ ਇਹ ਗੱਲਬਾਤ ਸਾਨੂੰ ਅੱਗੇ ਵੀ ਜਾਰੀ ਰੱਖਣੀ ਚਾਹੀਦੀ ਹੈ।